@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 20 June 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 20 ਜੂਨ 2024, 6 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 212, qpatrika@gmail.com ਫੋਨ : 9971359517 www.qaumipatrika.org

ਗਰਮੀ ਨੇ ਲੈ ਲਈ 22 ਲੋਕਾਂ ਦੀ ਜਾਨ, ਹੀਟ ਸਟ੍ਰੋਕ ਕਾਰਨ ਮੌਤ ਦਾ ਖਦਸ਼ਾ

ਨਵੀਂ ਦਿੱਲੀ 19 ਜੂਨ। ਰਾਜਧਾਨੀ ਦਿੱਲੀ ਸਮੇਤ ਐੱਨ.ਸੀ.ਆਰ. 'ਚ ਭਿਆਨਕ ਗਰਮੀ ਦਾ ਕਹਿਰ ਜਾਰੀ ਹੈ। ਨੋਇਡਾ ਤੋਂ ਬਾਅਦ ਦਿੱਲੀ 'ਚ 13 ਲੋਕਾਂ ਦੀ ਮੌਤ ਹੋ ਚੁੱਕੀ ਹੈ। ਉਥੇ ਹੀ ਨੋਇਡਾ 'ਚ ਗਰਮੀ ਕਾਰਨ 9 ਲੋਕਾਂ ਦੀ ਜਾਨ ਚਲੀ ਗਈ। ਦਿੱਲੀ 'ਚ ਬੁੱਧਵਾਰ ਨੂੰ 12 ਸਾਲਾਂ ਦੀ ਸਭ ਤੋਂ ਗਰਮ ਰਾਤ ਰਹੀ ਅਤੇ ਘੱਟੋ-ਘੱਟ ਤਾਪਮਾਨ 35.2 ਸੈਲਸੀਅਸ ਦਰਜ ਕੀਤਾ ਗਿਆ। ਜ਼ਿਲ੍ਹੇ 'ਚ ਵੱਖ-ਵੱਖ ਸਥਾਨਾਂ 'ਤੇ 9 ਲੋਕਾਂ ਦੀ ਸ਼ੱਕੀ ਹਾਲਤ 'ਚ ਮੌਤ ਹੋ ਗਈ। ਇਨ੍ਹਾਂ 'ਚੋਂ 5 ਲਾਸ਼ਾਂ ਦੀ ਪਛਾਣ ਵੀ ਨਹੀਂ ਹੋ ਸਕੀ। ਖਦਸ਼ਾ ਜਤਾਇਆ ਜਾ ਰਿਹਾ ਹੈ ਕਿ ਭਿਆਨਕ ਗਰਮੀ ਅਤੇ 'ਲੂ' ਕਾਰਨ ਇਨ੍ਹਾਂ ਲੋਕਾਂ ਨੇ ਦਮ ਤੋੜਿਆ ਹੈ। ਪੁਲਸ ਦਾ ਦਾਅਵਾ ਹੈ ਕਿ ਇਨ੍ਹਾਂ ਦੇ ਸਰੀਰ 'ਤੇ ਸੱਟ ਦੇ ਨਿਸ਼ਾਨ ਨਹੀਂ ਮਿਲੇ। ਸੰਬੰਧਿਤ ਕੋਤਵਾਲੀ ਪੁਲਸ ਨੇ ਲਾਸ਼ਾਂ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ। ਪੋਸਟਮਾਰਟਮ ਰਿਪੋਰਟ ਤੋਂ ਬਾਅਦ ਹੀ ਮੌਤ ਦੇ ਸਹੀ ਕਾਰਨਾਂ ਦਾ ਪਤਾ ਚੱਲੇਗਾ। ਪੁਲਸ ਮੁਤਾਬਕ, ਮੰਗਲਵਾਰ ਨੂੰ ਸੈਕਟਰ-125 ਸਥਿਤ ਨਿੱਜੀ ਯੂਨੀਵਰਸਿਟੀ ਦੇ ਗੇਟ ਨੰਬਰ 5 ਦੇ ਨੇੜੇ ਕੂੜਾ ਇਕੱਠਾ ਕਰਨ ਵਾਲੇ ਨੌਜਵਾਨ ਦੀ ਲਾਸ਼ ਮਿਲੀ। ਉਸ ਦੀ ਪਛਾਣ ਨਹੀਂ ਹੋ ਸਕੀ। ਸਕੈਟਰ ਇਕ ਸਥਿਤ ਟਕਸਾਲ ਦੇ ਨੇੜੇ ਸ਼ਾਮ ਨੂੰ ਕਰੀਬ 60 ਸਾਲਾ ਬਜ਼ੁਰਗ ਦੀ ਲਾਸ਼ ਬਰਾਮਦ ਹੋਈ। ਆਲੇ-ਦੁਆਲੇ ਦੇ ਲੋਕਾਂ ਨੇ ਬਜ਼ੁਰਗ ਦੀ ਮੌਤ ਭਿਆਨਕ ਗਰਮੀ ਕਾਰਨ ਹੋਣ ਦਾ ਖਦਸ਼ਾ ਜਤਾਇਆ। ਬੀਤੇ ਮੰਗਲਵਾਰ ਨੂੰ ਗਰਮੀ ਕਾਰਨ 33 ਲੋਕਾਂ ਦੀ ਮੌਤ ਹੋਈ। ਪੁਲਸ ਕੋਲ ਅਜੇ 5 ਜ਼ਿਲ੍ਹਿਆਂ ਦਾ ਡਾਟਾ ਨਹੀਂ ਹੈ। ਡਿਪਟੀ ਕਮਿਸ਼ਨਰ ਆਫ ਪੁਲਸ ਦਾ ਕਹਿਣਾ ਹੈ ਕਿ ਇਹ ਜ਼ਿਆਦਾਤਰ ਫੁੱਟਪਾਥਾਂ ਅਤੇ ਰੈਣ ਬਸੇਰਿਆਂ 'ਚ ਰਹਿਣ ਵਾਲੇ ਲੋਕ ਸਨ। ਸ਼ੁਰੂਆਤੀ ਜਾਂਚ 'ਚ ਪੁਲਸ ਇਨ੍ਹਾਂ ਦੀ ਮੌਤ ਦਾ ਕਾਰਨ ਗਰਮੀ ਹੀ ਮੰਨ ਰਹੀ ਹੈ। ਹਾਲਾਂਕਿ ਇਹ ਵੀ ਕਹਿਣਾ ਹੈ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਤਸਵੀਰ ਹੋਰ ਸਪਸ਼ਟ ਹੋ ਜਾਵੇਗੀ। ਓਧਰ, ਦਿੱਲੀ ਦੇ 38 ਹਸਪਤਾਲਾਂ 'ਚ ਹਰ ਰੋਜ ਬੇਹੋਸ਼ੀ, ਉਲਟੀ ਅਤੇ ਚੱਕਰ ਆਉਣ ਦੇ 100 ਤੋਂ ਜ਼ਿਆਦਾ ਮਰੀਜ ਪਹੁੰਚ ਰਹੇ ਹਨ।

ਨੀਟ ਪ੍ਰੀਖਿਆ ਵਿਵਾਦ : ਭਲਕੇ ਪੂਰੇ ਦੇਸ਼ 'ਚ ਪ੍ਰਦਰਸ਼ਨ ਕਰੇਗੀ ਕਾਂਗਰਸ

ਨਵੀਂ ਦਿੱਲੀ 19 ਜੂਨ। ਮੈਡੀਕਲ ਦਾਖਲਾ ਪ੍ਰੀਖਿਆ ਨੀਟ-ਗ੍ਰੈਜੂਏਟ 'ਚ ਕਥਿਤ ਬੇਨਿਯਮੀਆਂ ਬਾਰੇ ਵਿਦਿਆਰਥੀਆਂ ਨੂੰ ਇਨਸਾਫ ਦੁਆਉਣ ਦੀ ਮੰਗ ਨੂੰ ਲੈ ਕੇ ਕਾਂਗਰਸ ਸ਼ੁੱਕਰਵਾਰ ਦੇਸ਼ ਦੇ ਸਾਰੇ ਸੂਬਾਈ ਹੈੱਡਕੁਆਰਟਰਾਂ 'ਚ ਰੋਸ ਪ੍ਰਦਰਸਨ ਕਰੇਗੀ। ਪਾਰਟੀ ਦੇ ਸੰਗਠਨ ਜਨਰਲ ਸਕੱਤਰ ਕੇ. ਸੀ. ਵੇਣੂਗੋਪਾਲ ਨੇ ਸਾਰੀਆਂ ਸੂਬਾਈ ਇਕਾਈਆਂ ਦੇ ਮੁਖੀਆਂ, ਕਾਂਗਰਸ ਵਿਧਾਇਕ ਦਲ ਦੇ ਨੇਤਾਵਾਂ, ਸੂਬਾਈ ਇੰਚਾਰਜਾਂ, ਜਨਰਲ ਸਕੱਤਰਾਂ ਅਤੇ ਹੋਰ ਅਹੁਦੇਦਾਰਾਂ ਨੂੰ ਲਿਖੀ ਚਿੱਠੀ 'ਚ ਕਿਹਾ ਹੈ ਕਿ ਨੀਟ ਦੀ ਪ੍ਰੀਖਿਆ ਨਾਲ ਸਬੰਧਤ ਚਿੰਤਾਵਾਂ ਨੂੰ ਦੂਰ ਕਰਨ ਦੀ ਤੁਰੰਤ ਲੋੜ ਹੈ। ਦੱਸ

ਦੇਈਏ ਕਿ ਨੈਸ਼ਨਲ ਟੈਸਟਿੰਗ ਏਜੰਸੀ (ਐੱਨ. ਟੀ. ਏ.) ਨੇ 4 ਜੂਨ, 2024 ਨੂੰ ਨੀਟ ਯੂ. ਜੀ. 2024 ਦੇ ਨਤੀਜੇ ਜਾਰੀ ਕੀਤੇ ਸਨ। ਆਮ ਆਦਮੀ ਪਾਰਟੀ (ਆਪ) ਦੇ ਯੂਥ ਵਿੰਗ ਨੇ ਬੁੱਧਵਾਰ ਕੌਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੀ ਰਿਹਾਇਸ ਦੇ ਬਾਹਰ ਪ੍ਰਦਰਸਨ ਕੀਤਾ ਤੇ ਕਥਿਤ ਬੇਨਿਯਮੀਆਂ ਕਾਰਨ ਨੀਟ ਪ੍ਰੀਖਿਆ ਨੂੰ ਰੱਦ ਕਰਨ ਦੀ ਮੰਗ ਕੀਤੀ। ਧਰਨੇ ਦੀ ਅਗਵਾਈ ਆਮ ਆਦਮੀ ਪਾਰਟੀ ਦੇ ਵਿਧਾਇਕ ਸੰਜੀਵ ਝਾਅ ਨੇ ਕੀਤੀ।

ਮਣੀਪੁਰ 'ਚ ਭੜਕੀ ਭੀੜ ਨੇ ਸੀ. ਆਰ. ਪੀ. ਐੱਫ. ਦੇ ਜਵਾਨਾਂ ਨੂੰ ਲਾਹ ਕੇ ਸਾੜ ਦਿੱਤੀ ਬੱਸ

ਇੰਫਾਲ, 19 ਜੂਨ। ਮਣੀਪੁਰ ਦੇ ਪਹਾੜੀ ਜ਼ਿਲ੍ਹੇ ਕੰਗਪੋਕਪੀ 'ਚ ਸੋਮਵਾਰ ਰਾਤ ਭੜਕੀ ਭੀੜ ਨੇ ਸੀ. ਆਰ. ਪੀ. ਐੱਫ. ਦੇ ਜਵਾਨਾਂ ਨੂੰ ਇਕ ਬੱਸ 'ਚੋਂ ਲਾਹ ਕੇ ਬੱਸ ਨੂੰ ਸਾੜ ਦਿੱਤਾ। ਪੁਲਸ ਨੇ ਮੰਗਲਵਾਰ ਕਿਹਾ ਕਿ ਭੀੜ ਨੇ ਪਹਿਲਾਂ ਜਵਾਨਾਂ ਨੂੰ ਬੱਸ 'ਚੋਂ ਉਤਰਨ ਲਈ ਕਿਹਾ । ਫਿਰ ਉਨ੍ਹਾਂ ਬੱਸ ਸਾੜ ਦਿੱਤੀ। ਫਾਇਰ ਬ੍ਰਿਗੇਡ ਨੇ ਅੱਗ 'ਤੇ ਕਾਬੂ ਪਾਇਆ। ਇਸ ਘਟਨਾ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਰਿਪੋਰਟਾਂ ਮੁਤਾਬਕ ਰਾਜਧਾਨੀ ਇੰਫਾਲ ਤੋਂ 45 ਕਿਲੋਮੀਟਰ ਦੂਰ ਕੰਗਪੋਕਪੀ ਥਾਣੇ 'ਚ ਅਣਪਛਾਤੇ ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਘਟਨਾ ਰਾਤ 9 ਵਜੇ ਦੀ ਹੈ। ਸੀ. ਆਰ. ਪੀ. ਐਫ. ਦੇ ਜਵਾਨਾਂ ਨੂੰ ਲਿਜਾਣ ਜਾਣ ਵਾਲੀ ਬੱਸ ਕਿਰਾਏ 'ਤੇ ਲਈ ਗਈ ਸੀ । ਬੱਸ ਘਾਟੀ ਦੇ ਪ੍ਰਮੁੱਖ ਮੇਈਤੀ ਭਾਈਚਾਰੇ ਦੇ ਇਕ ਵਿਅਕਤੀ ਦੇ ਨਾਂ 'ਤੇ ਰਜਿਸਟਰਡ ਸੀ। ਸੁਰੱਖਿਆ ਫੋਰਸਾਂ ਨੇ ਮਣੀਪੁਰ ਦੇ ਟੇਂਗਨੋਪਾਲ ਜ਼ਿਲ੍ਹੇ 'ਚ 3 ਅਤਵਾਦੀਆਂ ਨੂੰ ਗ੍ਰਿਫਤਾਰ ਕੀਤਾ। ਕੰਗਪੋਕਪੀ ਜ਼ਿਲ੍ਹੇ 'ਚ ਕਈ ਆਧੁਨਿਕ ਹਥਿਆਰ ਬਰਾਮਦ ਕੀਤੇ ਗਏ ਹਨ। ਸੂਬਾਈ ਪੁਲਸ ਦੇ ਇਕ ਬਿਆਨ ਅਨੁਸਾਰ ਸੁਰੱਖਿਆ ਫੋਰਸਾਂ ਨੇ ਲਾਮਲੋਂਗ ਪਿੰਡ ਨੇੜੇ ਸਾਂਤੋਂਗ ਤੋਂ ਤਿੰਨ ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ।

ਅੱਗ ਦੀਆਂ ਲਪਟਾਂ 'ਚ ਕਿਤਾਬਾਂ ਭਾਵੇਂ ਸੜ ਜਾਣ ਪਰ ਗਿਆਨ ਨੂੰ ਨਹੀਂ ਮਿਟਾ ਸਕਦੀਆਂ: ਪ੍ਰਧਾਨ ਮੰਤਰੀ ਮੋਦੀ

ਸਿੰਮੀ ਕੌਰ ਬੱਬਰ

ਗਯਾ 19 ਜੂਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਯਾਨੀ ਕਿ ਅੱਜ ਬਿਹਾਰ ਦੇ ਰਾਜਗੀਰ 'ਚ ਇਤਿਹਾਸਕ ਨਾਲੰਦਾ ਯੂਨੀਵਰਸਿਟੀ ਦੇ ਨਵੇਂ ਕੰਪਲੈਕਸ ਦਾ ਉਦਘਾਟਨ ਕੀਤਾ। ਨਾਲੰਦਾ ਯੂਨੀਵਰਸਿਟੀ ਪਹੁੰਚੇ ਪ੍ਰਧਾਨ ਮੰਤਰੀ ਮੋਦੀ ਨੇ ਯੂਨੀਵਰਸਿਟੀ ਦੀ ਪੁਰਾਣੀ ਵਿਰਾਸਤ ਨੂੰ ਨੇੜਿਓਂ ਵੇਖਿਆ। ਉਦਘਾਟਨ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਨਾਲੰਦਾ ਤੋਂ ਸਿਰਫ ਭਾਰਤ ਹੀ ਨਹੀਂ ਸਗੋਂ ਦੁਨੀਆ ਦੇ ਕਈ ਦੇਸ਼ਾਂ ਦੀ ਵਿਰਾਸਤ ਜੁੜੀ ਹੋਈ ਹੈ। ਮੈਨੂੰ ਤੀਜੇ ਕਾਰਜਕਾਲ ਦੀ ਸਹੁੰ ਚੁੱਕਣ ਮਗਰੋਂ ਨਾਲੰਦਾ ਆਉਣ ਦਾ ਮੌਕਾ ਮਿਲਿਆ ਹੈ। ਇਹ ਮੇਰਾ ਸੌਭਾਗ ਤਾਂ ਹੈ, ਨਾਲ ਹੀ ਮੈਂ ਇਸ ਨੂੰ ਭਾਰਤ ਦੀ ਵਿਕਾਸ ਯਾਤਰਾ ਦੇ ਸ਼ੁੱਭ ਸੰਕੇਤ ਦੇ ਰੂਪ ਵਿਚ ਵੇਖਦਾ ਹਾਂ। ਉਨ੍ਹਾਂ ਕਿਹਾ ਕਿ ਨਾਲੰਦਾ ਇਕ ਪਛਾਣ, ਸਨਮਾਨ, ਇਕ ਮੂਲ, ਮੰਤਰ, ਗੌਰਵ ਅਤੇ ਗਾਥਾ ਹੈ। ਨਾਲੰਦਾ ਇਸ ਸੱਚ ਦਾ ਐਲਾਨ ਹੈ ਕਿ ਅੱਗ ਦੀਆਂ ਲਪਟਾਂ 'ਚ ਕਿਤਾਬਾਂ ਭਾਵੇਂ ਸੜ ਜਾਣ ਪਰ ਅੱਗ ਦੀਆਂ ਲਪਟਾਂ ਗਿਆਨ ਨੂੰ ਨਹੀਂ ਮਿਟਾ ਸਕਦੀਆਂ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਇਹ

ਨਵਾਂ ਕੰਪਲੈਕਸ ਦੁਨੀਆ ਨੂੰ ਭਾਰਤ ਦੀ ਤਾਕਤ ਦਾ ਪਰਿਚੈ ਦੇਵੇਗਾ। ਨਾਲੰਦਾ ਦੱਸੇਗਾ ਕਿ ਜੋ ਰਾਸ਼ਟਰ, ਮਜਬੂਤ ਮਨੁੱਖੀ ਕਦਰਾਂ-ਕੀਮਤਾਂ ਨਾਲ ਖੜ੍ਹੇ ਹੁੰਦੇ ਹਨ, ਉਹ ਰਾਸ਼ਟਰ ਇਤਿਹਾਸ ਨੂੰ ਮੁੜ ਜਿਊਂਦਾ ਕਰ ਕੇ ਬਿਹਤਰ ਭਵਿੱਖ ਦੀ ਨੀਂਹ ਰੱਖਣਾ ਜਾਣਦੇ ਹਨ। ਨਾਲੰਦਾ ਸਿਰਫ ਭਾਰਤ ਦੇ ਹੀ ਅਤੀਤ ਦਾ ਮੁੜ ਜਾਗਰਣ ਨਹੀਂ ਹੈ। ਇਸ ਵਿਚ ਦੁਨੀਆ ਦੇ, ਏਸ਼ੀਆ ਦੇ ਕਿੰਨੇ ਹੀ ਦੇਸ਼ਾਂ ਦੀ ਵਿਰਾਸਤ ਜੁੜੀ ਹੋਈ ਹੈ। ਨਾਲੰਦਾ ਯੂਨੀਵਰਸਿਟੀ ਦੇ ਮੁੜ ਨਿਰਮਾਣ 'ਚ ਸਾਡੇ ਸਾਥੀ ਦੇਸ਼ਾਂ ਦੀ ਭਾਗੀਦਾਰੀ ਵੀ ਰਹੀ ਹੈ। ਮੈਂ ਇਸ ਮੌਕੇ ਭਾਰਤ ਦੇ ਸਾਰੇ ਮਿੱਤਰ ਦੇਸ਼ਾਂ ਦਾ ਸੁਆਗਤ ਕਰਦਾ ਹਾਂ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਪ੍ਰਾਚੀਨ ਨਾਲੰਦਾ ਵਿਚ ਬੱਚਿਆਂ ਦਾ ਦਾਖਲਾ ਉਨ੍ਹਾਂ ਦੀ ਪਛਾਣ, ਉਨ੍ਹਾਂ ਦੀ ਕੌਮੀਅਤ ਵੇਖ ਕੇ ਨਹੀਂ ਹੁੰਦਾ ਸੀ। ਹਰ ਦੇਸ਼, ਹਰ ਵਰਗ ਦੇ ਨੌਜਵਾਨ ਇੱਥੇ ਆਉਂਦੇ ਸਨ। ਨਾਲੰਦਾ ਯੂਨੀਵਰਸਿਟੀ ਦੇ ਇਸ ਨਵੇਂ ਕੰਪਲੈਕਸ ਵਿਚ ਸਾਨੂੰ ਉਸ ਪ੍ਰਾਚੀਨ ਵਿਵਸਥਾ ਨੂੰ ਫਿਰ ਤੋਂ ਮਜਬੂਤੀ ਦੇਣੀ ਹੈ। ਦੁਨੀਆ ਦੇ ਕਈ ਦੇਸ਼ਾਂ ਤੋਂ ਇੱਥੇ ਵਿਦਿਆਰਥੀ ਆਉਣ ਲੱਗੇ ਹਨ।

ਲੋਕ ਸਭਾ ਚੋਣਾਂ 'ਚ ਹਾਰ ਤੋਂ ਬਾਅਦ ਆਪਣੇ ਸਮਰਥਕਾਂ 'ਤੇ ਵਰ੍ਹੇ ਸੀਆ ਨੇਤਾ ਇਮਰਾਨ ਅੰਸਾਰੀ

ਸ੍ਰੀਨਗਰ 19 ਜੂਨ। ਸੋਸਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਕਥਿਤ ਵੀਡੀਓ ਵਿੱਚ ਜੰਮੂ-ਕਸਮੀਰ ਦੇ ਇੱਕ ਸੀਆ ਨੇਤਾ ਹਾਲ ਹੀ ਵਿੱਚ ਖਤਮ ਹੋਈਆਂ ਲੋਕ ਸਭਾ ਚੋਣਾਂ ਵਿੱਚ ਆਪਣੀ ਪਾਰਟੀ ਦੀ ਹਾਰ ਤੋਂ ਬਾਅਦ ਆਪਣੇ ਸਮਰਥਕਾਂ 'ਤੇ ਨਾਰਾਜਗੀ ਜਾਹਰ ਕਰਦੇ ਵਿਖਾਈ ਦੇ ਰਹੇ ਹਨ। ਪੀਪਲਜ ਕਾਨਫਰੰਸ ਦੇ ਜਨਰਲ ਸਕੱਤਰ ਅਤੇ ਸੀਆ ਨੇਤਾ ਇਮਰਾਨ ਰਜਾ ਅੰਸਾਰੀ ਦੀ ਇਸ 19 ਸੈਕਿੰਡ ਦੀ ਵੀਡੀਓ ਸੋਸਲ ਮੀਡੀਆ 'ਤੇ ਸਾਹਮਣੇ ਆਉਣ ਤੋਂ ਬਾਅਦ ਲੋਕ ਜੋਰਦਾਰ ਟਿੱਪਣੀਆਂ ਕਰ ਰਹੇ ਹਨ। ਪੀਪਲਜ ਕਾਨਫਰੰਸ ਪਾਰਟੀ ਦੀ ਅਗਵਾਈ ਸਾਬਕਾ ਵੱਖਵਾਦੀ ਅਤੇ ਹੁਣ ਮੁੱਖ ਧਾਰਾ ਵਾਲੇ ਸੱਜਾਦ ਗਨੀ ਲੋਨ ਕਰ ਰਹੇ ਹਨ। ਲੋਨ ਨੇ ਉੱਤਰੀ ਕਸਮੀਰ ਦੀ ਬਾਰਾਮੂਲਾ ਲੋਕ ਸਭਾ ਸੀਟ ਤੋਂ ਚੋਣ ਲੜੀ ਸੀ ਪਰ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਦਾ ਸਫਾਇਆ ਹੋ ਗਿਆ। ਅੱਤਵਾਦ ਨੂੰ ਵਿੱਤ ਪੋਸਣ ਦੇ ਦੋਸਾਂ ਵਿੱਚ ਜੇਲ੍ਹ ਵਿੱਚ ਬੰਦ ਆਜਾਦ ਉਮੀਦਵਾਰ ਸੇਖ ਅਬਦੁਲ ਰਸੀਦ ਉਰਫ ਇੰਜੀਨੀਅਰ ਰਾਸ਼ਿਦ ਨੇ ਬਾਰਾਮੂਲਾ ਸੀਟ ਤੋਂ ਜਿੱਤ ਹਾਸਲ ਕੀਤੀ ਹੈ। ਨੈਸਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਦੂਜੇ ਅਤੇ ਲੋਨ ਤੀਜੇ ਸਥਾਨ 'ਤੇ ਰਹੇ। ਸੋਸਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ 'ਚ ਇਮਰਾਨ ਰਜਾ ਅੰਸਾਰੀ ਆਪਣੇ ਸਮਰਥਕਾਂ ਨਾਲ ਗੁੱਸੇ 'ਚ ਗੱਲ ਕਰਦੇ ਨਜਰ ਆ ਰਹੇ ਹਨ। ਚੋਣਾਂ ਵਿਚ ਪਾਰਟੀ ਦੀ ਹਾਰ ਤੋਂ ਨਾਰਾਜ ਵਿਖਾਈ ਦੇ ਰਹੇ ਅੰਸਾਰੀ ਕਸ਼ਮੀਰ ਵਿਚ ਆਪਣੇ ਸਮਰਥਕਾਂ ਨੂੰ ਇਹ ਕਹਿੰਦੇ ਵਿਖਾਈ ਦੇ ਰਹੇ ਹਨ ਕਿ ਮੈਂ ਆਪਣੇ ਪਿਤਾ ਦੀ ਕਬਰ ਦੀ ਕਸਮ ਖਾਂਦਾ ਹਾਂ, ਮੈਂ ਆਪਣੇ ਕੱਪੜੇ ਫਾੜ ਦੇਣਾ ਚਾਹੁੰਦਾ ਹਾਂ।

ਜਲ ਸੰਕਟ: ਸਥਿਤੀ ਨਾ ਸੁਧਰੀ ਤਾਂ 21 ਜੂਨ ਤੋਂ ਭੁੱਖ ਹੜਤਾਲ 'ਤੇ ਬੈਠਾਂਗੀ: ਆਤਿਸ਼ੀ

ਏਜੰਸੀਆਂ

ਨਵੀਂ ਦਿੱਲੀ 19 ਜੂਨ। ਦੇਸ਼ ਦੀ ਰਾਜਧਾਨੀ ਦਿੱਲੀ 'ਚ ਪਾਣੀ ਦੀ ਕਿੱਲਤ ਹੈ। ਪਾਣੀ ਦੇ ਸੰਕਟ ਨੂੰ ਲੈ ਕੇ ਦਿੱਲੀ ਦੀ ਜਲ ਮੰਤਰੀ ਆਤਿਸ਼ੀ ਨੇ ਬੁੱਧਵਾਰ ਯਾਨੀ ਕਿ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖੀ ਹੈ। ਚਿੱਠੀ ਵਿਚ ਆਤਿਸ਼ੀ ਨੇ ਕਿਹਾ ਕਿ ਹੁਣ ਪ੍ਰਧਾਨ ਮੰਤਰੀ ਨੂੰ ਕਿਸੇ ਵੀ ਤਰ੍ਹਾਂ ਦਿੱਲੀ ਦੇ ਲੋਕਾਂ ਨੂੰ ਪਾਣੀ ਦਿਵਾਉਣਾ ਪਵੇਗਾ। ਅੱਜ ਦਿੱਲੀ ਵਿਚ 28 ਲੱਖ ਲੋਕਾਂ ਨੂੰ ਪਾਣੀ ਨਹੀਂ ਮਿਲ ਰਿਹਾ ਹੈ। ਜੇਕਰ 21 ਤਾਰੀਖ ਤੱਕ ਦਿੱਲੀ ਵਾਲਿਆਂ ਨੂੰ ਆਪਣੇ ਹੱਕ ਦਾ ਪਾਣੀ ਨਹੀਂ ਮਿਲਦਾ ਤਾਂ ਫਿਰ ਪਾਣੀ ਲਈ ਸੱਤਿਆਗ੍ਰਹਿ ਕਰੇਗੀ। ਇਸ ਦੀ ਜਾਣਕਾਰੀ ਆਤਿਸ਼ੀ ਨੇ ਟਵੀਟ ਕਰ ਕੇ ਦਿੱਤੀ। ਆਤਿਸ਼ੀ ਨੇ ਆਪਣੇ ਟਵੀਟ 'ਚ ਲਿਖਿਆ ਕਿ ਇਸ ਭਿਆਨਕ ਗਰਮੀ ਵਿਚ ਜਦੋਂ ਦਿੱਲੀ ਦੇ ਲੋਕਾਂ ਨੂੰ ਜ਼ਿਆਦਾ ਪਾਣੀ ਦੀ ਜਰੂਰਤ ਹੈ, ਉਦੋਂ ਹਰਿਆਣਾ ਸਰਕਾਰ ਯਮੁਨਾ ਵਿਚ ਘੱਟ ਪਾਣੀ ਛੱਡ ਰਹੀ ਹੈ। ਕੱਲ ਦਿੱਲੀ ਨੂੰ ਹਰਿਆਣਾ ਤੋਂ 613 ਮਿਲੀਅਨ ਗੈਲਨ () ਦੀ ਬਜਾਏ 513 ਪਾਣੀ ਹੀ ਮਿਲ ਸਕਿਆ। ਇਸ 100 ਪਾਣੀ ਦੀ ਕਮੀ ਕਾਰਨ 28 ਲੱਖ ਦਿੱਲੀ ਵਾਸੀ ਬੂੰਦ-ਬੂੰਦ ਪਾਣੀ ਨੂੰ ਤਰਸ ਰਹੇ ਹਨ। ਉਹ ਦਿੱਲੀ

ਵਾਲਿਆਂ ਨੂੰ ਪਾਣੀ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਇਸ ਲਈ ਉਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਵੀ ਬੇਨਤੀ ਕੀਤੀ ਸੀ। ਚਿੱਠੀ ਵਿਚ ਆਤਿਸ਼ੀ ਨੇ ਕਿਹਾ ਕਿ ਹਿਮਾਚਲ ਵੀ ਪਾਣੀ ਦੇਣ ਨੂੰ ਤਿਆਰ ਹੋਇਆ ਪਰ ਹਰਿਆਣਾ ਨੇ ਇਨਕਾਰ ਕਰ ਦਿੱਤਾ। ਆਤਿਸ਼ੀ ਨੇ ਕਿਹਾ ਕਿ ਉਨ੍ਹਾਂ ਦੇ ਵਿਧਾਇਕ ਜਲ ਸ਼ਕਤੀ ਮੰਤਰੀ ਨੂੰ ਮਿਲਣ ਗਏ। ਸੁਪਰੀਮ ਕੋਰਟ ਤੋਂ ਵੀ ਗੁਹਾਰ ਲਾਈ। ਦਿੱਲੀ ਸਰਕਾਰ ਦੇ ਅਧਿਕਾਰੀ ਹਰਿਆਣਾ ਵੀ ਗਏ ਪਰ ਹਰਿਆਣਾ ਸਰਕਾਰ ਨਹੀਂ ਮੰਨੀ। ਹੁਣ ਦਿੱਲੀ ਵਾਲਿਆਂ ਦਾ ਦੁੱਖ ਵੇਖਿਆ ਨਹੀਂ ਜਾ ਰਿਹਾ ਹੈ। ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਹੈ ਕਿ ਉਹ ਦਖਲ ਦੇ ਕੇ ਦਿੱਲੀ ਵਾਲਿਆਂ ਨੂੰ 21 ਜੂਨ ਤੱਕ ਪਾਣੀ ਦਿਵਾਉਣ। ਜੇਕਰ ਦਿੱਲੀ ਵਾਲਿਆਂ ਨੂੰ ਉਨ੍ਹਾਂ ਦੇ ਹੱਕ ਦਾ ਪਾਣੀ ਨਹੀਂ ਮਿਲਦਾ ਹੈ ਤਾਂ ਉਹ 21 ਜੂਨ ਤੋਂ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ 'ਤੇ ਬੈਠੇਗੀ।

ਪ੍ਰਣਬ ਮੁਖਰਜੀ ਦੇ ਬੇਟੇ ਕਾਂਗਰਸ 'ਚ ਕਰ ਸਕਦੇ ਹਨ ਵਾਪਸੀ

ਨਵੀਂ ਦਿੱਲੀ 19 ਜੂਨ। ਪ੍ਰਣਬ ਮੁਖਰਜੀ ਦੇ ਬੇਟੇ ਅਤੇ ਤ੍ਰਿਣਮੂਲ ਕਾਂਗਰਸ (ਟੀ. ਐੱਮ. ਸੀ.) ਨੇਤਾ ਅਭਿਜੀਤ ਮੁਖਰਜੀ ਨੇ ਪਾਰਟੀ 'ਤੇ ਵੱਡਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕੁਝ ਖਾਸ ਨੇਤਾਵਾਂ ਨੇ ਉਨ੍ਹਾਂ ਨੂੰ ਹਾਸੀਏ 'ਤੇ ਪਾ ਦਿੱਤਾ ਹੈ। ਸੂਤਰਾਂ ਦਾ ਕਹਿਣਾ ਹੈ

ਮਾਰੂਤੀ ਸੁਜੂਕੀ ਤੋਂ ਬਾਅਦ ਬਣੇਗੀ ਪਹਿਲੀ ਸੂਚੀਬੱਧ ਵਾਹਨ ਨਿਰਮਾਤਾ ਕੰਪਨੀ

ਨਵੀਂ ਦਿੱਲੀ 19 ਜੂਨ। ਦੱਖਣੀ ਕੋਰੀਆ ਦੀ ਹੁੰਡਈ ਮੋਟਰ ਆਪਣੀ ਭਾਰਤੀ ਯੂਨਿਟ ਹੁੰਡਈ ਮੋਟਰ ਇੰਡੀਆ ਦੀ ਸੁਰੂਆਤੀ ਜਨਤਕ ਪੇਸਕਸ (ਆਈਪੀਓ) ਲਾਂਚ ਕਰਨ ਦੀ ਯੋਜਨਾ ਬਣਾ ਰਹੀ ਹੈ। ਕੰਪਨੀ 'ਚ 17.5 ਫੀਸਦੀ ਹਿੱਸੇਦਾਰੀ ਵੇਚ ਕੇ 3 ਬਿਲੀਅਨ ਡਾਲਰ (ਲਗਭਗ 25,000 ਕਰੋੜ ਰੁਪਏ) ਜੁਟਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮਾਮਲੇ ਤੋਂ ਜਾਣੂ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਜੇਕਰ ਹੁੰਡਈ ਆਪਣੀ ਯੋਜਨਾ ਨੂੰ ਅੱਗੇ ਵਧਾਉਂਦੀ ਹੈ, ਤਾਂ ਇਹ ਭਾਰਤ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਹੋਵੇਗਾ। ਇਹ ਦੋ ਸਾਲ ਪਹਿਲਾਂ ਭਾਰਤੀ ਜੀਵਨ ਬੀਮਾ ਨਿਗਮ () ਦੇ 21,000 ਕਰੋੜ ਰੁਪਏ ਦੇ ਨੂੰ ਵੀ ਪਾਰ ਕਰ ਜਾਵੇਗਾ। ਸੂਤਰਾਂ ਨੇ ਕਿਹਾ ਕਿ ਹੁੰਡਈ ਜਲਦੀ ਹੀ ਆਈਪੀਓ ਦੀ ਮਨਜੂਰੀ ਲਈ ਸਕਿਓਰਿਟੀਜ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਕੋਲ ਡਰਾਫਟ ਦਾਇਰ ਕਰ ਸਕਦੀ ਹੈ। ਸੂਤਰਾਂ ਮੁਤਾਬਕ ਹੁੰਡਈ ਮੋਟਰ ਇੰਡੀਆ ਆਈਪੀਓ 'ਚ ਨਵੇਂ ਸੇਅਰ ਜਾਰੀ ਨਹੀਂ ਕਰੇਗੀ ਅਤੇ ਪੇਰੈਂਟ ਕੰਪਨੀ ਹੁੰਡਈ ਮੋਟਰ ਦੀ ਹਿੱਸੇਦਾਰੀ ਆਫਰ ਫਾਰ ਸੇਲ ਰਾਹੀਂ ਵੇਚੀ ਜਾਵੇਗੀ। ਹੁੰਡਈ ਮੋਟਰ ਇੰਡੀਆ ਨੇ ਇਸ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਹੁੰਡਈ ਦਾ ਆਈਪੀਓ ਭਾਰਤੀ ਆਟੋਮੋਬਾਈਲ ਉਦਯੋਗ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਵੇਗਾ। 2003 'ਚ ਦੇਸ ਦੀ ਸਭ ਤੋਂ ਵੱਡੀ ਆਟੋਮੇਕਰ ਮਾਰੂਤੀ ਸੁਜੂਕੀ ਦੀ ਲਿਸਟਿੰਗ ਤੋਂ ਬਾਅਦ ਲਾਂਚ ਕਰਨ ਵਾਲੀ ਪਹਿਲੀ ਆਟੋਮੇਕਰ ਹੋਵੇਗੀ। ਇਸ ਹਫਤੇ ਦੇ ਸੁਰੂ ਵਿੱਚ, ਇਲੈਕਟ੍ਰਿਕ ਦੋਪਹੀਆ ਵਾਹਨ

ਨਿਰਮਾਤਾ ਓਲਾ ਇਲੈਕਟ੍ਰਿਕ ਨੂੰ ਇੱਕ ਆਈਪੀਓ ਲਾਂਚ ਕਰਨ ਲਈ ਮਾਰਕੀਟ ਰੇਗੂਲੇਟਰ ਸੇਬੀ ਤੋਂ ਮਨਜੂਰੀ ਮਿਲ ਗਈ ਹੈ। ਜੇਕਰ ਹੁੰਡਈ ਦਾ ਆਈਪੀਓ ਆਉਂਦਾ ਹੈ ਤਾਂ ਇਹ ਪਹਿਲੀ ਵਾਰ ਹੋਵੇਗਾ ਜਦੋਂ ਹੁੰਡਈ ਦੱਖਣੀ ਕੋਰੀਆ ਤੋਂ ਬਾਹਰ ਕਿਸੇ ਕੰਪਨੀ ਨੂੰ ਸੂਚੀਬੱਧ ਕਰੇਗੀ। ਸੂਤਰਾਂ ਨੇ ਕਿਹਾ ਕਿ ਕੰਪਨੀ ਹਿੱਸੇਦਾਰੀ ਦੀ ਵਿਕਰੀ ਤੋਂ 2.5 ਬਿਲੀਅਨ ਡਾਲਰ ਤੋਂ 3 ਬਿਲੀਅਨ ਡਾਲਰ ਜੁਟਾਉਣ ਦੀ ਉਮੀਦ ਕਰ ਰਹੀ ਹੈ। ਸੂਤਰਾਂ ਨੇ ਦੱਸਿਆ ਕਿ ਹੁੰਡਈ ਆਈਪੀਓ ਰਾਹੀਂ 17.5 ਫੀਸਦੀ ਤੱਕ ਹਿੱਸੇਦਾਰੀ ਵੇਚਣ ਦੀ ਮਨਜੂਰੀ ਲੈਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਸੇਅਰਾਂ ਦੀ ਵਿਕਰੀ ਇਸ ਤੋਂ ਘੱਟ ਹੋ ਸਕਦੀ ਹੈ। ਸੂਤਰਾਂ ਨੇ ਪਹਿਲਾਂ ਅੰਦਾਜਾ ਲਗਾਇਆ ਸੀ ਕਿ ਹੁੰਡਈ ਇੰਡੀਆ ਦਾ ਮੁੱਲ 30 ਅਰਬ ਡਾਲਰ ਤੱਕ ਹੋ ਸਕਦਾ ਹੈ। ਵਿਸਲੇਸਕਾਂ ਅਨੁਸਾਰ, ਹੁੰਡਈ ਮੋਟਰ ਇੰਡੀਆ ਆਈਪੀਓ ਤੋਂ ਪ੍ਰਾਪਤ ਪੈਸੇ ਦੀ ਵਰਤੋਂ ਭਾਰਤ ਵਿੱਚ ਆਪਣੀ ਵਿਸਤਾਰ ਯੋਜਨਾਵਾਂ ਦਾ ਵਿਸਤਾਰ ਕਰਨ ਲਈ ਕਰ ਸਕਦੀ ਹੈ। ਕੰਪਨੀ ਦੀ ਅਗਲੇ 10 ਸਾਲਾਂ 'ਚ ਪੂੰਜੀਗਤ ਖਰਚ 'ਤੇ 32,000 ਕਰੋੜ ਰੁਪਏ ਤੋਂ ਜ਼ਿਆਦਾ ਖਰਚ ਕਰਨ ਦੀ ਯੋਜਨਾ ਹੈ। ਹੁੰਡਈ ਮੋਟਰ ਇੰਡੀਆ ਨੇ ਹਾਲ ਹੀ ਵਿੱਚ ਜਨਰਲ ਮੋਟਰਜ ਦੇ ਤਾਲੇਗਾਂਵ ਪਲਾਂਟ ਨੂੰ ਐਕਵਾਇਰ ਕੀਤਾ ਹੈ ਅਤੇ ਕੰਪਨੀ ਇਸ ਵਿੱਚ 6,000 ਕਰੋੜ ਰੁਪਏ ਨਿਵੇਸ ਕਰਨ ਦੀ ਯੋਜਨਾ ਬਣਾ ਰਹੀ ਹੈ। ਕੰਪਨੀ ਤਾਮਿਲਨਾਡੂ ਵਿੱਚ ਆਪਣੀ ਉਤਪਾਦਨ ਸਮਰੱਥਾ ਨੂੰ ਵਧਾਉਣ ਲਈ 26,000 ਕਰੋੜ ਰੁਪਏ ਦਾ ਨਿਵੇਸ ਕਰੇਗੀ। ਲਿਸਟਿੰਗ ਦੇ ਨਾਲ, ਹੁੰਡਈ ਮੋਟਰ ਇੰਡੀਆ ਨੂੰ ਪੂੰਜੀ ਲਈ ਆਪਣੇ ਕੋਰੀਆਈ ਪ੍ਰਮੋਟਰ 'ਤੇ ਨਿਰਭਰ ਨਹੀਂ ਹੋਣਾ ਪਵੇਗਾ ਅਤੇ ਟਾਟਾ ਮੋਟਰਜ ਵਰਗੀਆਂ ਸਥਾਨਕ ਕੰਪਨੀਆਂ ਨਾਲ ਮੁਕਾਬਲਾ ਕਰਨ ਲਈ ਵਿੱਤੀ ਤੌਰ 'ਤੇ ਮਜਬੂਤ ਹੋਵੇਗਾ। ਸਥਾਨਕ ਤੌਰ 'ਤੇ ਨਿਰਮਿਤ ਇਲੈਕਟ੍ਰਿਕ ਵਾਹਨਾਂ ਨੂੰ ਵੇਚਣ ਦੇ ਨਾਲ, ਹੁੰਡਈ ਮੋਟਰ ਇੰਡੀਆ ਨੇ ਇੱਕ ਚਾਰਜਿੰਗ ਨੈਟਵਰਕ ਬਣਾਉਣ ਅਤੇ ਇੱਕ ਬੈਟਰੀ ਫੈਕਟਰੀ ਸਥਾਪਤ ਕਰਨ ਦੀ ਵੀ ਯੋਜਨਾ ਬਣਾਈ ਹੈ। ਕੰਪਨੀ ਭਾਰਤ ਵਿੱਚ ਆਪਣੀ ਉਤਪਾਦਨ ਸਮਰੱਥਾ ਵਧਾਉਣ ਦੀ ਵੀ ਕੋਸ਼ਿਸ਼ ਕਰ ਰਹੀ ਹੈ।

14 ਲੱਖ ਦੀ ਠੱਗੀ ਮਾਰਨ ਵਾਲੇ 2 ਲੋਕਾਂ 'ਤੇ ਪਰਚਾ ਦਰਜ

ਫਾਜ਼ਿਲਕਾ 19 ਜੂਨ। ਥਾਣਾ ਅਰਨੀਵਾਲਾ ਦੀ ਪੁਲਸ ਨੇ 14 ਲੱਖ ਦੀ ਠੱਗੀ ਮਾਰਨ ਵਾਲੇ 2 ਦੋਸ਼ੀਆਂ 'ਤੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਹਰਬੰਸ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਖਜਾਨ ਸਿੰਘ ਵਾਸੀ ਅਲਿਆਣਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੇ ਪੁੱਤਰਾਂ ਸੰਗਤ

ਸਿੰਘ ਅਤੇ ਅਮਰੀਕ ਸਿੰਘ ਨੇ ਸਾਲ 2021 ਲਈ ਪੰਜਾਬ ਕਾਂਸਟੇਬਲ ਦੀ ਭਰਤੀ ਲਈ ਫਾਰਮ ਭਰੇ ਸਨ। ਪਿੰਡ ਅਲਿਆਣਾ ਦੇ ਰਹਿਣ ਵਾਲੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਪੰਜਾਬ ਪੁਲਸ 'ਚ ਸਿੱਧੀ ਭਰਤੀ ਕਰਵਾ ਦਿੰਦਾ ਹੈ। ਗੁਰਪ੍ਰੀਤ ਸਿੰਘ ਵਾਸੀ ਅਲਿਆਣਾ ਅਤੇ ਜਸਵੰਤ ਸਿੰਘ ਵਾਸੀ ਚੱਕ ਅਰਨੀਵਾਲਾ ਉਰਫ ਕੱਟਿਆਂਵਾਲਾ ਨੇ ਦੋਹਾਂ ਪੁੱਤਰਾਂ ਨੂੰ ਪੰਜਾਬ ਪੁਲਸ ਵਿੱਚ ਭਰਤੀ ਕਰਵਾਉਣ ਦੇ ਨਾਮ 'ਤੇ ਕਰੀਬ 14 ਲੱਖ ਰੁਪਏ ਦੀ ਠੱਗੀ ਮਾਰੀ ਹੈ, ਜਿਨ੍ਹਾਂ 'ਤੇ ਪੁਲਸ ਨੇ ਪਰਚਾ ਦਰਜ ਕਰ ਲਿਆ ਹੈ।

ਪਟਨਾ 'ਚ ਦਿਨ ਦਿਹਾੜੇ ਵਾਪਰੀ ਵੱਡੀ ਵਾਰਦਾਤ, ਐਕਸਿਸ ਬੈਂਕ 'ਚੋਂ ਬੰਦੂਕ ਦੀ ਨੋਕ 'ਤੇ ਲੁੱਟੇ 17 ਲੱਖ ਤੋਂ ਵੱਧ ਰੁਪਏ

ਨੈਸ਼ਨਲ ਡੈਸਕ 19 ਜੂਨ। ਬਿਹਾਰ 'ਚ ਪਟਨਾ ਜ਼ਿਲ੍ਹੇ ਦੇ ਬੀਹਟਾ ਥਾਣਾ ਖੇਤਰ 'ਚ ਸਨੀਵਾਰ ਨੂੰ ਉਸ ਸਮੇਂ ਹਫੜਾ-ਦਫੜੀ ਮਚ ਗਈ, ਜਦੋਂ ਬੇਖੌਫ ਲੁਟੇਰੇ ਐਕਸਿਸ ਬੈਂਕ ਤੋਂ 17 ਲੱਖ 36 ਹਜਾਰ ਰੁਪਏ ਲੁੱਟ ਕੇ ਮੌਕੇ ਤੋਂ ਫਰਾਰ ਹੋ ਗਏ। ਘਟਨਾ ਦੀ ਸੂਚਨਾ ਮਿਲਣ 'ਤੇ ਪੁੱਜੀ ਪੁਲਸ ਵਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਸੂਤਰਾਂ ਨੇ ਦੱਸਿਆ ਕਿ ਅਪਰਾਧੀਆਂ ਨੇ ਦੇਵਕੁਲੀ ਮੋੜ ਸਥਿਤ ਐਕਸਿਸ ਬੈਂਕ ਦੀ ਸਾਖਾ ਨੂੰ ਲੁੱਟ ਦਾ ਨਿਸ਼ਾਨਾ ਬਣਾਇਆ ਸੀ। ਮਿਲੀ ਜਾਣਕਾਰੀ ਅਨੁਸਾਰ ਬੈਂਕ ਵਿਚ ਲੁੱਟ ਦੀ ਵਾਰਦਾਤ

ਨੂੰ ਅੰਜਾਮ ਦੇਣ ਆਏ ਲੁਟੇਰਿਆਂ ਨੇ ਬੈਂਕ ਵਿਚ ਮੌਜੂਦ ਕਰਮਚਾਰੀਆਂ ਅਤੇ ਲੋਕਾਂ ਨੂੰ ਪਹਿਲਾਂ ਬੰਦੂਕ ਦੀ ਨੋਕ 'ਤੇ ਬੰਧਕ ਬਣਾਇਆ ਅਤੇ ਫਿਰ 17.36 ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ। ਬੈਂਕ ਕਰਮਚਾਰੀਆਂ ਨੇ ਇਸ ਘਟਨਾ ਦੀ ਜਾਣਕਾਰੀ ਪੁਲਸ ਨੂੰ ਦਿੱਤੀ, ਜਿਸ ਤੋਂ ਬਾਅਦ ਕਈ ਥਾਣਿਆਂ ਦੀ ਪੁਲਸ ਅਤੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ। ਪੁਲਸ ਵਲੋਂ ਇਸ ਮਾਮਲੇ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ। ਦੋਸੀਆਂ ਦੀ ਪਛਾਣ ਕਰਨ ਲਈ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਦਿਨ-ਦਿਹਾੜੇ ਲੁੱਟ ਦੀ ਇਸ ਵਾਰਦਾਤ ਤੋਂ ਬਾਅਦ ਇਲਾਕੇ ਦੇ ਲੋਕਾਂ 'ਚ ਦਹਿਸਤ ਦਾ ਮਾਹੌਲ ਹੈ। ਫਿਲਹਾਲ ਬੈਂਕ ਅਧਿਕਾਰੀ ਲੁੱਟੇ ਗਏ ਪੈਸੇ ਦੀ ਗਿਣਤੀ ਕਰ ਰਹੇ ਹਨ। ਪੈਸੇ ਦਾ ਮਿਲਾਨ ਕਰਨ ਤੋਂ ਬਾਅਦ ਹੀ ਪਤਾ ਲੱਗ ਸਕੇਗਾ ਕਿ ਕਿੰਨੀ ਲੁੱਟ ਹੋਈ ਹੈ ਪਰ ਫਿਲਹਾਲ 17.36 ਲੱਖ ਰੁਪਏ ਦੀ ਲੁੱਟ ਹੋਈ ਹੈ। ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸੀਆਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਅਣਪਛਾਤੇ ਚੋਰਾਂ ਨੇ ਗਾਰਮੈਂਟਸ ਦੀ ਦੁਕਾਨ ਅੰਦਰੋਂ ਉਡਾਏ 3 ਲੱਖ ਰੁਪਏ, ਪੁਲਸ ਨੇ ਸ਼ੁਰੂ ਕੀਤੀ ਜਾਂਚ

ਤਰਨਤਾਰਨ 19 ਜੂਨ। ਸਥਾਨਕ ਸ਼ਹਿਰ 'ਚ ਆਏ ਦਿਨ ਚੋਰੀ ਅਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ ਹਨ। ਇਸ ਦੀ ਇਕ ਹੋਰ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਸਥਾਨਕ ਸ਼ਹਿਰ ਦੇ ਅੱਡਾ ਬਾਜ਼ਾਰ ਵਿਖੇ ਮੌਜੂਦ ਇਕ ਗਾਰਮੈਂਟਸ ਦੀ ਦੁਕਾਨ ਅੰਦਰੋਂ 3 ਲੱਖ ਰੁਪਏ ਅਣਪਛਾਤੇ ਚੋਰਾਂ ਵੱਲੋਂ ਚੋਰੀ ਕਰ ਲਏ ਗਏ । ਇਸ ਹੋਈ ਚੋਰੀ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਸਿਮਰਨ ਗਾਰਮੈਂਟ ਅੱਡਾ ਬਾਜ਼ਾਰ

ਦੇ ਮਾਲਕ ਗੁਰਚਰਨ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਗਲੀ ਸਰਾਂ ਵਾਲੀ ਅੱਡਾ ਬਾਜ਼ਾਰ ਤਰਨਤਾਰਨ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਬੀਤੇ ਕੱਲ ਸ਼ਾਮ ਆਪਣੀ ਦੁਕਾਨ ਬੰਦ ਕਰਕੇ ਘਰ ਚਲੇ ਗਏ। ਸਵੇਰੇ ਜਦੋਂ ਉਹ ਦੁਕਾਨ ਅੰਦਰ ਦਾਖਲ ਹੋਏ ਤਾਂ ਦੁਕਾਨ ਅੰਦਰ ਸਮਾਨ ਖਿਲਰਿਆ ਪਿਆ ਸੀ ਅਤੇ ਲੱਕੜ ਦੀ ਅਲਮਾਰੀ ਵਿਚ ਪਏ 3 ਲੱਖ ਰੁਪਏ ਚੋਰੀ ਹੋ ਚੁੱਕੇ ਸਨ। ਗੁਰਚਰਨ ਸਿੰਘ ਨੇ ਦੱਸਿਆ ਕਿ ਦੁਕਾਨ ਅੰਦਰ ਲੱਗੇ ਸੀ. ਸੀ. ਟੀ. ਵੀ. ਕੈਮਰੇ ਉਹ ਰਾਤ ਜਾਣ ਸਮੇਂ ਬੰਦ ਕਰ ਗਏ ਸਨ, ਜਿਸ ਦੇ ਚੱਲਦਿਆਂ ਚੋਰਾਂ ਦੀ ਕੈਮਰੇ ਵਿਚ ਫੁਟੇਜ਼ ਕੈਦ ਨਹੀਂ ਹੋ ਸਕੀ। ਪੀੜਤ ਦੁਕਾਨਦਾਰ ਨੇ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਉਂਦੇ ਹੋਏ ਮੁਲਜ਼ਮਾਂ ਦੀ ਜਲਦ ਤੋਂ ਜਲਦ ਭਾਲ ਕਰਦੇ ਹੋਏ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਧਰ ਥਾਣਾ ਸਿਟੀ ਤਰਨਤਾਰਨ ਦੇ ਏ. ਐੱਸ. ਆਈ. ਗੁਰਭੇਜ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਚੋਰੀ ਸਬੰਧੀ ਪੁਲਸ ਵੱਲੋਂ ਬਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਟੈਂਕਰ ਨਾਲ ਟੱਕਰ ਤੋਂ ਬਾਅਦ ਡੰਪਰ ਨੂੰ ਲੱਗੀ ਅੱਗ, ਜਿੰਦਾ ਸੜੇ ਡਰਾਈਵਰ ਤੇ ਹੈਲਪਰ

ਔਰੈਯਾ 19 ਜੂਨ। ਉੱਤਰ ਪ੍ਰਦੇਸ 'ਚ ਔਰੈਯਾ ਜ਼ਿਲ੍ਹੇ ਦੇ ਅਛਲਦਾ ਇਲਾਕੇ 'ਚ ਸੁੱਕਰਵਾਰ ਦੁਪਹਿਰ ਨੂੰ ਬੁੰਦੇਲਖੰਡ ਐਕਸਪ੍ਰੈੱਸਵੇਅ 'ਤੇ ਪੌਦਿਆਂ ਨੂੰ ਪਾਣੀ ਭਰ ਦੇ ਰਹੇ ਇਕ ਟੈਂਕਰ ਨਾਲ ਰਗੜਨ ਤੋਂ ਬਾਅਦ ਡੰਪਰ ਨੂੰ ਅੱਗ ਲੱਗ ਗਈ ਜਿਸ ਤੋਂ ਬਾਅਦ ਉਹ ਡਿਵਾਈਡਰ ਨਾਲ ਟਕਰਾ ਗਿਆ। ਇਸ ਹਾਦਸੇ ਵਿੱਚ ਡੰਪਰ ਚਾਲਕ ਅਤੇ ਸਹਾਇਕ ਦੀ ਮੌਤ ਹੋ ਗਈ। ਹਾਦਸੇ ਕਾਰਨ ਐਕਸਪ੍ਰੈਸ ਵੇਅ ਦੇ ਦੋਵੇਂ ਪਾਸੇ ਵਾਹਨਾਂ ਦਾ ਲੰਮਾ ਜਾਮ ਲੱਗ ਗਿਆ। ਪੁਲਸ ਅਤੇ ਫਾਇਰ ਬ੍ਰਿਗੇਡ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਪੁਲਸ ਸੂਤਰਾਂ ਨੇ ਦੱਸਿਆ ਕਿ ਮੈਨਪੁਰੀ 'ਚ ਸਾਮਾਨ ਉਤਾਰਨ ਤੋਂ ਬਾਅਦ ਭਿੰਡ ਜਾ ਰਹੀ ਤੇਜ ਰਫਤਾਰ ਗੱਡੀ ਡਨਫਰ ਇਲਾਕੇ ਦੇ ਮੁਹੰਮਦਾਬਾਦ ਤੋਂ ਬੁੰਦੇਲਖੰਡ ਐਕਸਪ੍ਰੈੱਸਵੇਅ 'ਤੇ ਹਨੂਮੰਤਪੁਰ ਅਤੇ ਆਸਾ ਪਿੰਡ ਦੇ ਨੇੜੇ ਪਹੁੰਚੀ ਸੀ, ਜਦੋਂ ਇਹ ਇਕ ਟੈਂਕਰ ਨਾਲ ਟਕਰਾ ਕੇ ਬੇਕਾਬੂ ਹੋ ਗਈ। ਡਿਵਾਈਡਰ ਵਿੱਚ ਖੜ੍ਹੇ ਪੌਦਿਆਂ ਨੂੰ ਪਾਣੀ ਪਿਲਾਉਂਦੇ ਹੋਏ ਹੋ ਡਿਵਾਈਡਰ ਨਾਲ ਟਕਰਾ ਗਏ। ਜਿਸ ਕਾਰਨ ਡੰਪਰ ਦਾ ਇੱਕ ਟਾਇਰ ਫਟ ਕੇ ਦੂਰ ਜਾ ਡਿੱਗਿਆ ਅਤੇ ਉਸੇ ਸਮੇਂ ਡੰਪਰ ਨੂੰ ਅੱਗ ਲੱਗ ਗਈ। ਡੰਪਰ ਨੂੰ ਅੱਗ ਲੱਗਣ ਕਾਰਨ ਹੈਲਪਰ

ਭਦੌਰੀਆ (50) ਵਾਸੀ ਭੜੌਲੀ ਭਿੰਡ, ਮੱਧ ਪ੍ਰਦੇਸ ਅਤੇ ਡਰਾਈਵਰ ਸੋਨੂੰ (40) ਵਾਸੀ ਭੜੌਲੀ ਭਿੰਡ, ਮੱਧ ਪ੍ਰਦੇਸ, ਡੰਪਰ ਦੇ ਕੈਬਿਨ ਵਿੱਚ ਲੱਗੀ ਅੱਗ ਦੀ ਲਪੇਟ ਵਿੱਚ ਆ ਗਏ। ਕਿਸੇ ਤਰ੍ਹਾਂ ਹੈਲਪਰ ਡੰਪਰ ਦੇ ਹੇਠਾਂ ਆ ਗਿਆ। ਆਸ-ਪਾਸ ਦੇ ਪਿੰਡ ਵਾਸੀਆਂ ਨੇ ਮੌਕੇ 'ਤੇ ਪਹੁੰਚ ਕੇ ਉਸ ਨੂੰ ਕੰਬਲ ਪਾ ਕੇ ਅੱਗ 'ਤੇ ਕਾਬੂ ਪਾਇਆ। ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪਹੁੰਚੀ ਫਾਇਰ ਬ੍ਰਿਗੇਡ ਨੇ ਕਰੀਬ ਇਕ ਘੰਟੇ ਬਾਅਦ ਡੰਪਰ ਨੂੰ ਲੱਗੀ ਅੱਗ 'ਤੇ ਕਾਬੂ ਪਾਇਆ ਅਤੇ ਡਰਾਈਵਰ ਦੀ ਲਾਸ਼ ਨੂੰ ਬਾਹਰ ਕੱਢਿਆ। ਨਾਲ ਹੀ, ਗੰਭੀਰ ਜਖਮੀ ਸਹਾਇਕ ਨੂੰ ਉਪੇਡਾ ਐਂਬੂਲੈਂਸ ਵਿੱਚ ਜ਼ਿਲ੍ਹਾ ਹਸਪਤਾਲ ਭੇਜਿਆ ਗਿਆ। ਜਿੱਥੇ ਇਲਾਜ ਦੌਰਾਨ ਉਸ ਦੀ ਵੀ ਮੌਤ ਹੋ ਗਈ। ਘਟਨਾ ਵਾਲੀ ਥਾਂ 'ਤੇ ਦੇਰ ਨਾਲ ਪਹੁੰਚਣ 'ਤੇ ਗੁੱਸੇ 'ਚ ਆਏ ਪਿੰਡ ਵਾਸੀਆਂ ਦੀ ਯੂਪੇਡਾ ਦੇ ਮੁਲਾਜਮਾਂ ਅਤੇ ਡਾਇਲ 112 ਦੇ ਮੁਲਾਜਮਾਂ ਨਾਲ ਝੜਪ ਹੋ ਗਈ। ਘਟਨਾ ਤੋਂ ਬਾਅਦ ਬੁੰਦੇਲਖੰਡ ਐਕਸਪ੍ਰੈਸ ਵੇਅ 'ਤੇ ਵਾਹਨਾਂ ਦਾ ਲੰਮਾ ਜਾਮ ਲੱਗ ਗਿਆ। ਸੀਓ ਮਹਿੰਦਰ ਪ੍ਰਤਾਪ ਸਿੰਘ, ਥਾਣਾ ਇੰਚਾਰਜ ਭੂਪੇਂਦਰ ਰਾਠੀ, ਥਾਣਾ ਇੰਚਾਰਜ ਅਸੋਕ ਕੁਮਾਰ ਉਪਾਧਿਆਏ, ਯੂਪੀਡੀਏ ਦੇ ਇੰਚਾਰਜ ਕੇਐਸ ਸਿਨਹਾ ਅਤੇ ਕੱਲੂ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਜਾਮ ਹਟਾਇਆ ਅਤੇ ਵਾਹਨਾਂ ਨੂੰ ਰਵਾਨਾ ਕੀਤਾ।

ਗੁਰਦਾਸਪੁਰ 'ਚ ਗਰਮੀ ਦੇ ਮੱਦੇਨਜਰ ਇਹ ਚਾਰ ਦਿਨ ਸੁਨਿਆਰਿਆਂ ਦੀਆਂ ਦੁਕਾਨਾਂ ਰਹਿਣਗੀਆਂ ਬੰਦ

ਗੁਰਦਾਸਪੁਰ 19 ਜੂਨ। ਗਰਮੀ ਦੇ ਮੌਸਮ ਦੇ ਮੱਦੇਨਜਰ ਸਹਿਰ ਵਿਚ ਸੁਨਿਆਰਿਆਂ ਦੀਆਂ ਦੁਕਾਨਾਂ ਚਾਰ ਦਿਨ ਬੰਦ ਰਹਿਣਗੀਆਂ। ਉਕਤ ਪ੍ਰਗਟਾਵਾ ਸੁਨਿਆਰੇ ਅਤੇ ਸਰਾਫਾ ਐਸੋਸੀਏਸਨ ਦੇ ਪ੍ਰਧਾਨ ਮੁਨੀਸ ਵਰਮਾ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਹਰ ਸਾਲ ਗਰਮੀ ਦੇ ਮੌਸਮ 'ਚ ਸੁਨਿਆਰਿਆਂ ਦੀਆਂ ਦੁਕਾਨਾਂ ਬੰਦ ਰਹਿੰਦੀਆਂ ਹਨ। ਇਸ ਲਈ ਇਸ ਵਾਰ ਵੀ ਵਧਦੀ ਗਰਮੀ ਦੇ ਮੱਦੇਨਜਰ 27, 28, 29, 30 ਜੂਨ ਤੱਕ ਦੁਕਾਨਾਂ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਅਗਾਊਂ ਜਾਣਕਾਰੀ ਦੇਣ ਦਾ ਮਕਸਦ ਇਹ ਹੈ ਕਿ ਸਹਿਰੀ ਅਤੇ ਪੇਂਡੂ ਖੇਤਰਾਂ 'ਚ ਆਉਣ ਵਾਲੇ ਲੋਕਾਂ ਨੂੰ ਕੜਾਕੇ ਦੀ ਗਰਮੀ 'ਚ ਪ੍ਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਗਰਮੀ ਨੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ ਤੇ ਹੁਣ ਦਰ

ਟਾਂਡਾ 'ਚ ਵੱਡੀ ਵਾਰਦਾਤ, ਵਿਆਹ ਵਾਲੇ ਘਰ ਚੱਲੀਆਂ ਗੋਲੀਆਂ

ਹੁਸਿਆਰਪੁਰ/ਟਾਂਡਾ 19 ਜੂਨ। ਜਿ਼ਲ੍ਹਾ ਹੁਸਿ਼ਆਰਪੁਰ ਦੇ ਬਲਾਕ ਟਾਂਡਾ ਉੜਮੁੜ ਅਧੀਨ ਪੈਂਦੇ ਪਿੰਡ ਰਾਣੀ ਵਿਖੇ ਕਰੀਬ ਦੋ ਸਾਲ ਪਹਿਲਾਂ ਹੋਏ ਇਕ ਕਤਲ ਦੀ ਗਵਾਹੀ ਦੇਣ ਵਾਲੇ ਪਰਿਵਾਰ ਦੇ ਘਰ ਵਿਆਹ ਦੇ ਪ੍ਰੋਗਰਾਮ ਵਿਚ ਹਥਿਆਰਬੰਦ ਨੌਜਵਾਨਾਂ ਵਲੋਂ ਹਮਲਾ ਕਰ ਦਿੱਤਾ ਗਿਆ। ਹਮਲਾਵਰ ਘਰ ਦੀ ਇਕ-ਇਕ ਚੀਜ ਤੋੜ ਗਏ। ਹਮਲਾਵਰਾਂ ਨੇ ਕਾਰ ਅਤੇ ਬੁਲਟ ਮੋਟਰਸਾਈਕਲ ਦੀ ਵੀ ਬੁਰੀ ਤਰ੍ਹਾਂ ਭੰਨਤੋੜ ਕੀਤੀ। ਉਧਰ ਪਿੰਡ ਦੀ ਸਰਪੰਚ ਰਾਜਵਿੰਦਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰਨੇਕ ਸਿੰਘ 'ਆਪ' ਆਗੂ ਅਤੇ ਉਸ ਦੇ ਸਾਥੀਆਂ ਨੇ ਕਈ ਰਾਊਂਡ ਫਾਇਰ ਵੀ ਕੀਤੇ ਹਨ। ਉਨ੍ਹਾਂ ਕਿਹਾ ਕਿ ਜੇਕਰ ਪਿੰਡ ਦੇ ਲੋਕ ਇਕੱਠੇ ਨਾ ਹੁੰਦੇ ਤਾਂ ਕਈ ਜਾਨਾਂ ਜਾ ਸਕਦੀਆਂ ਸਨ। ਬੀਤੀ ਰਾਤ ਹੋਈ ਇਸ ਘਟਨਾ ਦੀ ਇਲਾਕੇ ਭਰ ਵਿਚ ਦਹਿਸਤ ਦਾ ਮਾਹੌਲ ਬਣਿਆ ਹੋਇਆ ਹੈ। ਪਰਿਵਾਰ ਦੇ ਲੋਕਾਂ ਦਾ ਕਹਿਣਾ ਹੈ ਕਿ ਸਾਰੇ ਪਰਿਵਾਰ ਨੇ ਲੁੱਕ ਕੇ ਆਪਣੀਆਂ ਜਾਨਾਂ ਬਚਾਈਆਂ ਪਰ ਫਿਰ ਵੀ ਹਮਲਾ ਕਰਨ ਵਾਲੇ ਲੋਕਾਂ ਨੇ ਕਿਰਪਾਨਾਂ ਦਾਤਰਾਂ ਨਾਲ ਘਰ ਦੇ ਦਰਵਾਜੇ ਅਤੇ ਸੀਸੇ ਤੋੜ ਦਿੱਤੇ। ਹਮਲਾਵਰਾਂ ਨੇ ਵਿਆਹ ਵਾਲੇ ਲਾੜੇ ਅਤੇ ਉਸ ਦੇ ਪਿਤਾ ਗਵਾਹੀ ਦੇਣ ਵਾਲੇ ਜਸਵਿੰਦਰ ਸਿੰਘ ਨੂੰ ਬੁਰੀ ਤਰ੍ਹਾਂ ਜਖਮੀ ਕਰ ਦਿੱਤਾ ਜਿਨ੍ਹਾਂ ਨੂੰ ਸਿਵਲ ਹਸਪਤਾਲ ਟਾਂਡਾ ਉੜਮੁੜ ਤਾਂ ਕਈ ਜਾਨਾਂ ਜਾ ਸਕਦੀਆਂ ਸਨ। ਬੀਤੀ ਰਾਤ ਹੋਈ ਇਸ ਘਟਨਾ ਦੀ ਇਲਾਕੇ ਭਰ ਵਿਚ ਦਹਿਸਤ ਦਾ ਮਾਹੌਲ ਬਣਿਆ ਹੋਇਆ ਹੈ। ਪਰਿਵਾਰ ਦੇ ਦਾਖਲ ਕਰਵਾਇਆ ਗਿਆ

, ਜਿੱਥੇ ਜਖਮੀਆਂ ਦੀ ਹਾਲਤ ਗੰਭੀਰ ਦੇਖਦੇ ਹੋਏ ਉਨ੍ਹਾਂ ਨੂੰ

ਔਰਤ ਨੇ ਇੱਕੋ ਸਮੇਂ ਦਿੱਤਾ 4 ਪੁੱਤਰਾਂ ਤੇ 2 ਧੀਆਂ ਨੂੰ ਜਨਮ; 4.7 ਬਿਲੀਅਨ 'ਚੋਂ ਇਕ ਨਾਲ ਹੁੰਦੇ ਅਜਿਹਾ ਕਰਿਸ਼ਮਾ

ਗੁਰਦਾਸਪੁਰ/ਪਾਕਿਸਤਾਨ, 19 ਜੂਨ। ਪਾਕਿਸਤਾਨ ਦੇ ਰਾਵਲਪਿੰਡੀ ਜਿ਼ਲ੍ਹੇ ਤੋਂ ਹੈਰਾਨੀਜਨਕ ਖਬਰ ਸਾਹਮਣੇ ਆਈ ਹੈ। ਇਥੇ ਜਿ਼ਲ੍ਹਾ ਹਸਪਤਾਲ ਵਿਚ ਇਕ ਔਰਤ ਨੇ ਸੈਕਸਟੂਪਲੇਟਸ ਯਾਨੀ ਇਕੱਠੇ 6 ਬੱਚਿਆਂ ਨੂੰ ਜਨਮ ਦਿੱਤਾ ਹੈ। ਡਾਕਟਰਾਂ ਅਨੁਸਾਰ ਔਰਤ ਅਤੇ ਬੱਚੇ ਤੰਦਰੁਸਤ ਹਨ। ਕਰਾਚੀ ਦੀ ਹਜਾਰਾ ਕਾਲੋਨੀ ਦੇ ਵਸਨੀਕ ਵਹੀਦ ਨੇ ਦਰਦ ਕਾਰਨ ਆਪਣੀ ਪਤਨੀ ਜੀਨਤ ਨੂੰ ਪੰਜਾਬ ਦੇ ਰਾਵਲਪਿੰਡੀ ਜਿ਼ਲ੍ਹਾ ਹਸਪਤਾਲ 'ਚ ਦਾਖਲ ਕਰਵਾਇਆ ਸੀ। ਲੰਬੇ ਆਪ੍ਰੇਸ਼ਨ ਤੋਂ ਬਾਅਦ ਔਰਤ ਨੇ 6 ਬੱਚਿਆਂ ਨੂੰ ਜਨਮ ਦਿੱਤਾ, ਜਿਨ੍ਹਾਂ 'ਚੋਂ 4 ਲੜਕੇ ਅਤੇ 2 ਲੜਕੀਆਂ ਹਨ। ਲੇਬਰ ਰੂਮ ਵਿੱਚ ਮੌਜੂਦ ਡਾਕਟਰ ਨੇ ਦੱਸਿਆ ਕਿ ਇਹ ਕੋਈ ਨਾਰਮਲ ਡਿਲੀਵਰੀ ਨਹੀਂ ਸੀ, ਇਸ ਵਿੱਚ ਕਈ ਪੇਚੀਦਗੀਆਂ ਆਈਆਂ। ਬੱਚਿਆਂ ਦੀ ਮਾਂ ਨੂੰ ਵੀ ਜਣੇਪੇ ਦੌਰਾਨ ਮੁਸਕਲਾਂ ਦਾ ਸਾਹਮਣਾ ਕਰਨਾ ਪਿਆ। ਪਰ ਕੁਝ ਹੀ ਦਿਨਾਂ 'ਚ ਸਥਿਤੀ ਆਮ ਵਾਂਗ ਹੋ ਜਾਵੇਗੀ। ਇਸ ਚਮਤਕਾਰ ਤੋਂ ਬਾਅਦ ਡਾਕਟਰ ਅਤੇ ਸਟਾਫ ਕਾਫੀ ਖੁਸ ਹਨ। ਵੈਰੀਵੈੱਲ ਫੈਮਿਲੀ ਡਾਟ ਕਾਮ ਅਨੁਸਾਰ, ਸੈਕਸਟੂਪਲੇਟਸ 6 ਬੱਚਿਆਂ ਦਾ ਇੱਕ ਸਮੂਹ ਹੈ, ਜੋ ਇਕ ਹੀ ਜਨਮ ਨਾਲ ਪੈਦਾ ਹੁੰਦਾ ਹੈ। ਇਹ ਕਾਫੀ ਮੁਸਕਲ ਪ੍ਰਕਿਰਿਆ ਹੁੰਦੀ ਹੈ। ਰਿਪੋਰਟ ਦੇ ਅਨੁਸਾਰ, 4.7 ਬਿਲੀਅਨ ਲੋਕਾਂ ਵਿੱਚੋਂ ਸਿਰਫ ਇੱਕ ਨੂੰ ਹੀ ਸੈਕਸਟੂਪਲੇਟਸ ਹੁੰਦਾ ਹੈ।

ਲੰਡਨ 'ਚ ਦੋ ਪਾਕਿਸਤਾਨੀ ਕੁੜੀਆਂ ਕਬਾਬ ਚੋਰੀ ਕਰਦੀਆਂ ਫੜੀਆਂ

ਗੁਰਦਾਸਪੁਰ 19 ਜੂਨ। ਇਸ ਸਮੇਂ ਸੋਸਲ ਮੀਡੀਆ 'ਤੇ ਪਾਕਿਸਤਾਨੀ ਕੁੜੀਆਂ ਦੀ ਇੱਕ ਵੀਡੀਓ ਵਾਇਰਲ ਹੋ ਰਹੀ ਹੈ। ਇਸ ਵੀਡੀਓ ਨੂੰ ਦੇਖ ਕੇ ਲੋਕ ਕਾਫੀ ਹੈਰਾਨ ਹਨ। ਦਰਅਸਲ ਵਾਇਰਲ ਵੀਡੀਓ ਦੇ ਮੁਤਾਬਕ ਦੋ ਪਾਕਿਸਤਾਨੀ ਕੁੜੀਆਂ ਇੱਕ ਦੁਕਾਨ ਤੋਂ ਕਬਾਬ ਚੋਰੀ ਕਰਕੇ ਭੱਜ ਰਹੀਆਂ ਸਨ। ਇਸ ਤੋਂ ਬਾਅਦ ਉਹ ਇਕ ਹੋਰ ਦੁਕਾਨ ਵਿਚ ਦਾਖਲ ਹੋ ਗਿਆ। ਹਾਲਾਂਕਿ, ਦੁਕਾਨ ਮਾਲਕ ਨੂੰ ਸੱਕ ਹੋਇਆ ਅਤੇ ਉਨ੍ਹਾਂ ਨੂੰ ਆਪਣੀ ਦੁਕਾਨ ਵਿੱਚ ਬੰਦ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਇਹ ਵੀਡੀਓ ਲੰਡਨ ਦੀ ਹੈ ਅਤੇ ਦੁਕਾਨ ਤੋਂ ਚੋਰੀ ਕਰਨ ਵਾਲੀਆਂ ਕੁੜੀਆਂ ਪਾਕਿਸਤਾਨ ਦੀਆਂ ਹਨ। ਸੂਤਰਾਂ ਮੁਤਾਬਕ ਵੀਡੀਓ 'ਚ ਦੋਵੇਂ ਕੁੜੀਆਂ ਚੀਕ ਰਹੀਆਂ ਹਨ। ਪੁਲਸ ਨੂੰ ਬੁਲਾਉਣ ਲਈ ਵੀ ਕਿਹਾ। ਪੋਸਟ 'ਚ ਦਾਅਵਾ ਕੀਤਾ ਗਿਆ ਹੈ ਕਿ ਕਬਾਬ ਚੋਰੀ ਕਰਨ ਤੋਂ ਬਾਅਦ ਦੋਵੇਂ ਇਕ ਹੋਰ ਦੁਕਾਨ 'ਚ ਦਾਖਲ ਹੋ ਗਈਆਂ, ਪਰ ਦੂਜੀ ਦੁਕਾਨ ਦੇ ਮਾਲਕ ਨੂੰ ਪਤਾ ਲੱਗਾ ਕਿ ਉਨ੍ਹਾਂ ਨੇ ਹੀ ਚੋਰੀ ਕੀਤੀ ਹੈ। ਦੁਕਾਨਦਾਰ ਨੇ ਉਸ ਨੂੰ ਦੁਕਾਨ ਵਿੱਚ ਹੀ ਬੰਦ ਕਰ ਦਿੱਤਾ। ਇਸ ਤੋਂ ਬਾਅਦ ਦੁਕਾਨ ਦੇ ਬਾਹਰ ਖੜ੍ਹੇ ਲੋਕਾਂ ਨੇ ਇਨ੍ਹਾਂ ਕੁੜੀਆਂ ਦੀ ਵੀਡੀਓ ਬਣਾ ਕੇ ਸੋਸਲ ਮੀਡੀਆ 'ਤੇ ਵਾਇਰਲ ਕਰ ਦਿੱਤੀ।

ਗਰਭਵਤੀ ਔਰਤ ਨੂੰ ਜਿਊਂਦਾ ਸਾੜਨ ਦਾ ਮਾਮਲਾ: ਮਾਂ ਦੇ ਰੋਂਦੇ-ਕੁਰਲਾਉਂਦੇ ਬੋਲ ਸੁਣ ਖੜ੍ਹੇ ਹੋ ਜਾਣਗੇ ਰੌਂਗਟੇ

ਬਾਬਾ ਬਕਾਲਾ ਸਾਹਿਬ 19 ਜੂਨ। ਪਿੰਡ ਬੂਲੇਨੰਗਲ ਵਿਖੇ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਈ ਸੀ, ਜਿਥੇ ਇਕ ਕਲਯੁੱਗੀ ਪਤੀ ਨੇ ਕਥਿਤ ਤੌਰ 'ਤੇ ਆਪਣੀ ਗਰਭਵਤੀ ਪਤਨੀ ਨੂੰ ਅੱਗ ਲਗਾ ਕੇ ਸਾੜ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਵੀਡੀਓ ਦੇਖ ਸਕਦੇ ਹੋ ਮ੍ਰਿਤਕਾ ਦੀ ਮਾਤਾ ਰੌਂਦੇ-ਕੁਰਲਾਉਂਦੇ ਹੋਏ ਆਪਣੀ ਧੀ ਨੂੰ ਇਨਸਾਫ ਦੇਣ ਦੀ ਮੰਗ ਕਰ ਰਹੀ ਹੈ। ਉਨ੍ਹਾਂ ਕਿਹਾ ਮੁਲਜਮ ਨੂੰ ਮੇਰੀ ਧੀ 'ਤੇ ਤਰਸ ਤੱਕ ਨਹੀਂ ਆਇਆ, ਇਸ ਨੂੰ ਫਾਂਸੀ ਦੀ ਸਜਾ ਹੋਣੀ ਚਾਹੀਦੀ ਹੈ ਜਾਂ ਤਾਂ ਉਸ ਨੂੰ ਵੀ ਉਂਝ ਹੀ ਮਾਰਨਾ ਚਾਹੀਦਾ ਹੈ ਜਿਸ ਤਰ੍ਹਾਂ ਉਸ ਨੇ ਮੇਰੀ ਧੀ ਨੂੰ ਅੱਗ ਲਾ ਕੇ ਮਾਰਿਆ ਹੈ । ਮਾਂ ਨੇ ਕਿਹਾ ਮੇਰੀ ਧੀ ਦੇ ਢਿੱਡ 'ਚ ਦੋ ਬੱਚੇ ਸਨ, ਜੋ 6 ਮਹੀਨਿਆਂ ਦੀ ਗਰਭਵਤੀ ਸੀ ਪਰ ਸੁਖਦੇਵ ਸਿੰਘ ਨੂੰ ਭੋਰਾ ਵੀ ਤਰਸ ਨਾ ਆਇਆ। ਉਨ੍ਹਾਂ ਦੱਸਿਆ ਸੁਖਦੇਵ ਸਿੰਘ ਪਹਿਲਾਂ ਤਾਂ ਕੋਈ ਨਸ਼ਾ ਨਹੀਂ ਸੀ ਕਰਦਾ ਪਰ ਥੋੜੇ ਦਿਨ ਤੋਂ ਇਹ ਵੀ ਸੂਚਨਾ ਮਿਲੀ ਸੀ ਕਿ ਉਹ ਬਹੁਤ ਨਸ਼ਾ ਕਰਨ ਲੱਗ ਗਿਆ ਹੈ। ਮਾਂ ਨੇ ਕਿਹਾ ਪਿੰਡ ਵਾਸੀਆਂ ਨੇ ਦੱਸਿਆ ਕਿ ਤੁਹਾਡੀ ਕੁੜੀ ਨੂੰ ਉਸ ਦੇ ਪਤੀ ਨੇ ਸਾੜ ਕੇ ਮਾਰ ਦਿੱਤਾ ਹੈ ਜਦ ਅਸੀਂ ਆ ਕੇ ਵੇਖਿਆ ਤਾਂ ਸਾਡੀ ਕੁੜੀ ਦੀ ਲਾਸ਼ ਬੁਰੀ ਤਰ੍ਹਾਂ ਸੜ ਚੁੱਕੀ ਸੀ। ਉਸ ਦੇ ਹੱਥ ਮੰਜੇ ਨਾਲ ਬੰਨ੍ਹੇ ਹੋਏ ਸਨ, ਜਿਸ ਤੋਂ ਲੱਗਦਾ ਹੈ ਕਿ ਉਸ ਨੂੰ ਜਿ਼ਦਾ ਸਾੜ ਕੇ ਮਾਰਿਆ ਗਿਆ ਹੈ। ਦੱਸ ਦੇਈਏ ਕੁੜੀ ਪਿੰਕੀ ਦਾ ਵਿਆਹ ਢਾਈ ਸਾਲ ਪਹਿਲਾਂ ਪਿੰਡ ਬੂਲੇਨੰਗਲ ਦੇ ਸੁਖਦੇਵ ਸਿੰਘ ਨਾਲ ਹੋਇਆ ਸੀ। ਪਿੰਕੀ ਨੇ ਪਤੀ ਨੂੰ ਕਿਹਾ ਕਿ ਉਸ ਨੂੰ ਕਿਸੇ ਡਾਕਟਰ ਕੋਲੋਂ ਚੈੱਕ ਕਰਵਾ ਲਿਆਵੇ। ਇਸੇ ਗੱਲ ਨੂੰ ਲੈ ਕੇ ਦੋਹਾਂ ਵਿਚ ਤਕਰਾਰ ਹੋ ਗਿਆ ਜੋ ਮ੍ਰਿਤਕਾ ਦੀ ਮੌਤ ਦਾ ਕਾਰਨ ਬਣਿਆ। ਮ੍ਰਿਤਕਾ ਦੇ ਮਾਪਿਆਂ ਦੇ ਬਿਆਨਾਂ 'ਤੇ ਬਿਆਸ ਪੁਲਸ ਨੇ ਮੁਲਜਮ ਸੁਖਦੇਵ ਸਿੰਘ ਵਿਰੁੱਧ ਕਤਲ ਦਾ ਮਾਮਲਾ ਦਰਜ ਕੀਤਾ ਸੀ, ਜਿਸ ਨੂੰ ਬਾਬਾ ਬਕਾਲਾ ਸਾਹਿਬ ਦੀ ਅਦਾਲਤ ਵਿਖੇ ਪੇਸ਼ ਕੀਤਾ ਗਿਆ ਜਿੱਥੇ ਮਾਣਯੋਗ ਅਦਾਲਤ ਨੇ ਉਸਦਾ ਦੋ ਦਿਨਾਂ ਦਾ ਪੁਲਸ ਰਿਮਾਂਡ ਜਾਰੀ ਕੀਤਾ ਹੈ। ਮੁਲਜਮ ਨੂੰ ਸੋਮਵਾਰ ਮੁੜ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

ਕਿਸਾਨ ਅੰਦੋਲਨ ਕਾਰਨ 133 ਟਰੇਨਾਂ ਪ੍ਰਭਾਵਿਤ, 56 ਰੇਲ ਗੱਡੀਆਂ ਦੇ ਬਦਲੇ ਰੂਟ, ਯਾਤਰੀ ਪ੍ਰੇਸਾਨ

ਫਿ਼ਰੋਜਪੁਰ-ਅੰਬਾਲਾ 19 ਜੂਨ। ਹਰਿਆਣਾ ਪੁਲਸ ਵੱਲੋਂ ਝੂਠੇ ਮੁਕੱਮਦਿਆਂ ਤਹਿਤ ਗ੍ਰਿਫਤਾਰ ਕੀਤੇ ਗਏ ਕਿਸਾਨਾਂ ਦੀ ਰਿਹਾਈ ਨੂੰ ਲੈ ਕੇ ਸ਼ੰਭੂ ਰੇਲਵੇ ਟਰੈਕ 'ਤੇ ਦੂਜੇ ਦਿਨ ਵੀ ਧਰਨਾ ਜਾਰੀ ਰਿਹਾ, ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਹਰਿਆਣਾ-ਪੰਜਾਬ ਦੀ ਸਰਹੱਦ 'ਤੇ ਪੈਂਦੇ ਸ਼ੰਭੂ ਵਿਚ ਰੇਲਵੇ ਟਰੈਕ 'ਤੇ ਪੰਜਾਬ ਦੇ ਕਿਸਾਨਾਂ ਦਾ ਧਰਨਾ ਜਾਰੀ ਰਹਿਣ ਕਾਰਨ ਫਿ਼ਰੋਜਪੁਰ ਡਿਵੀਜਨ, ਅੰਬਾਲਾ ਡਿਵੀਜਨ ਅਤੇ ਬੀਕਾਨੇਰ ਡਿਵੀਜਨ ਦੀਆਂ ਰੇਲ ਗੱਡੀਆਂ ਦਾ ਸੰਚਾਲਨ ਪ੍ਰਭਾਵਿਤ ਰਿਹਾ। ਦੱਸ ਦੇਈਏ ਕਿ ਇਸ ਦੌਰਾਨ ਤਿੰਨਾਂ ਡਿਵੀਜਨਾਂ ਦੀਆਂ ਕੁੱਲ 133 ਟਰੇਨਾਂ ਪ੍ਰਭਾਵਿਤ ਹੋਈਆਂ। 56 ਟਰੇਨਾਂ ਨੂੰ ਰੱਦ ਕਰਨਾ ਪਿਆ, ਜਦੋਂ ਕਿ 15 ਨੂੰ ਸਾਰਟ ਟਰਮੀਨੇਟ ਕੀਤਾ ਗਿਆ ਸੀ ਅਤੇ 62 ਨੂੰ ਡਾਇਵਰਟ ਰੂਟ ਦੁਆਰਾ ਚਲਾਇਆ ਗਿਆ ਸੀ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਵੀ 81 ਟਰੇਨਾਂ ਦਾ ਸੰਚਾਲਨ ਪ੍ਰਭਾਵਿਤ ਹੋਇਆ ਸੀ। ਵੀਰਵਾਰ ਨੂੰ ਉਨ੍ਹਾਂ ਦੀ ਗਿਣਤੀ 130 ਨੂੰ ਪਾਰ ਕਰ ਗਈ। ਰੇਲ ਟ੍ਰੈਕ ਜਾਮ ਹੋਣ ਕਾਰਨ ਤਿੰਨ ਰਾਜਾਂ ਹਰਿਆਣਾ, ਪੰਜਾਬ ਅਤੇ ਜੰਮੂ-ਕਸਮੀਰ ਨੂੰ ਜਾਣ ਵਾਲੀਆਂ ਟਰੇਨਾਂ ਦੀ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ। ਵੀਰਵਾਰ ਨੂੰ ਪੰਜਾਬ ਅਤੇ ਜੰਮੂ-ਕਸਮੀਰ ਨੂੰ ਜਾਣ ਵਾਲੀਆਂ ਕੁਝ ਟਰੇਨਾਂ ਨੂੰ ਚੰਡੀਗੜ੍ਹ ਰਾਹੀਂ ਵੀ ਭੇਜਿਆ ਗਿਆ। ਇਸ ਕਿਸਾਨੀ ਅੰਦੋਲਨ ਕਾਰਨ ਆਰਪੀਐੱਫ ਅਤੇ ਜੀਆਰਪੀ ਦੇ ਜਵਾਨਾਂ ਵਲੋਂ ਵੀ ਪੂਰੀ ਚੌਕਸੀ ਵਰਤੀ ਜਾ ਰਹੀ ਹੈ। ਰੇਲਵੇ ਟਰੈਕ ਦੇ ਨਾਲ-ਨਾਲ ਗਸਤ ਵੀ ਵਧਾ ਦਿੱਤੀ ਗਈ ਹੈ ਅਤੇ ਪੰਜਾਬ ਨਾਲ ਲੱਗਦੀ ਰੇਲਵੇ ਲਾਈਨ 'ਤੇ ਵੀ ਨਜਰ ਰੱਖੀ ਜਾ ਰਹੀ ਹੈ। ਰੇਲਵੇ ਸਟੇਸਨਾਂ 'ਤੇ ਸਾਦੇ ਕੱਪੜਿਆਂ 'ਚ ਸੁਰੱਖਿਆ ਕਰਮਚਾਰੀਆਂ ਨੂੰ ਤਾਇਨਾਤ ਕੀਤਾ ਗਿਆ ਹੈ। 04501

ਹਰਿਦੁਆਰ-ਊਨਾ ਹਿਮਾਚਲ ਅਤੇ 15211 ਜਨਸੇਵਾ ਨੂੰ ਅੰਬਾਲਾ, 12903 ਨੂੰ ਨਿਜਾਮੁਦੀਨ, 14661 ਨੂੰ ਦਿੱਲੀ, 12715 ਸੱਚਖੰਡ ਐਕਸਪ੍ਰੈਸ ਨੂੰ ਅੰਬਾਲਾ, 14735 ਅਤੇ 14526 ਨੂੰ ਬਠਿੰਡਾ ਰੇਲਵੇ ਸਟੇਸਨ ਤੋਂ ਰੱਦ ਕੀਤਾ ਗਿਆ। ਕੁਝ ਰੇਲਗੱਡੀਆਂ ਨੂੰ ਅੱਧ ਵਿਚਕਾਰ ਰੱਦ ਕਰਕੇ ਉਸੇ ਰੇਲਵੇ ਸਟੇਸਨ ਤੋਂ ਦੁਬਾਰਾ ਚਲਾਇਆ ਗਿਆ। ਨਿਜਾਮੂਦੀਨ ਤੋਂ 12904 ਨੂੰ, ਦਿੱਲੀ ਤੋਂ 14662 ਨੂੰ, ਅੰਬਾਲਾ ਤੋਂ 12716 ਨੂੰ, ਬਠਿੰਡਾ ਤੋਂ 14736 ਨੂੰ, ਬਠਿੰਡਾ ਤੋਂ 14525 ਨੂੰ, ਅੰਬਾਲਾ ਤੋਂ 15212 ਨੂੰ ਜਨਸੇਵਾ, ਅੰਬਾਲਾ ਤੋਂ 14815 ਨੂੰ ਅਤੇ ਰੇਲਗੱਡੀ ਨੰਬਰ 04502 ਊਨਾ ਹਿਮਾਚਲ-ਹਰਿਦੁਆਰ ਐਕਸਪ੍ਰੈਸ ਨੂੰ ਅੰਬਾਲਾ ਤੋਂ ਮੁੜ ਰਵਾਨਾ ਕੀਤਾ ਗਿਆ। 12 ਮੇਲ (ਐਕਸਪ੍ਰੈਸ) ਟਰੇਨਾਂ ਨੂੰ ਰੱਦ ਕੀਤਾ ਗਿਆ। ਇਨ੍ਹਾਂ ਵਿੱਚ ਅੰਮ੍ਰਿਤਸਰ-ਚੰਡੀਗੜ੍ਹ (12032), ਨਵੀਂ ਦਿੱਲੀ-ਅੰਮ੍ਰਿਤਸਰ (12029), ਪੁਰਾਣੀ ਦਿੱਲੀ-ਫਾਜਿ਼ਲਕਾ (14507), ਨਵੀਂ ਦਿੱਲੀ-ਅੰਮ੍ਰਿਤਸਰ (12459), ਜੰਮੂ ਤਵੀ-ਕਾਨਪੁਰ (12470), ਕਟੜਾ-ਨਵੀਂ ਦਿੱਲੀ (22478), ਪੁਰਾਣੀ ਦਿੱਲੀ-ਜਲੰਧਰ (14681), ਪੁਰਾਣੀ ਦਿੱਲੀ-ਕਟੜਾ (14033), ਨਵੀਂ ਦਿੱਲੀ-ਅੰਮ੍ਰਿਤਸਰ (12013), ਅੰਮ੍ਰਿਤਸਰ-ਨਵੀਂ ਦਿੱਲੀ (12014), ਅੰਮ੍ਰਿਤਸਰ-ਨਵੀਂ ਦਿੱਲੀ (12498) ਅਤੇ ਹਿਸਾਰ-ਅੰਮ੍ਰਿਤਸਰ (14653) ਸਾਮਲ ਹਨ। 17 ਯਾਤਰੀ ਟਰੇਨਾਂ ਨੂੰ ਰੱਦ ਕੀਤਾ, ਜਦਕਿ 28 ਟਰੇਨਾਂ ਦੇ ਰੂਟ ਬਦਲੇ ਗਏ। ਟਰੇਨ ਨੰਬਰ 04574 ਲੁਧਿਆਣਾ-ਭਿਵਾਨੀ, 04571 ਭਿਵਾਨੀ-ਧੂਰੀ ਪੈਸੇਂਜਰ, 04576 ਲੁਧਿਆਣਾ-ਹਿਸਾਰ ਪੈਸੇਂਜਰ, 04575 ਹਿਸਾਰ-ਲੁਧਿਆਣਾ ਪੈਸੰਜਰ, 04744 ਲੁਧਿਆਣਾ-ਚੁਰੂ ਅਤੇ 04746 ਲੁਧਿਆਣਾ-ਹਿਸਾਰ ਰੱਦ ਰਹੀ। ਸੁੱਕਰਵਾਰ ਨੂੰ 04572 ਧੂਰੀ-ਸਿਰਸਾ ਪੈਸੰਜਰ, 04573 ਸਿਰਸਾ-ਲੁਧਿਆਣਾ ਪੈਸੰਜਰ, 04745 ਚੁਰੂ-ਲੁਧਿਆਣਾ ਅਤੇ 14653 ਹਿਸਾਰ-ਅੰਮ੍ਰਿਤਸਰ ਰੱਦ ਰਹਿਣਗੀਆਂ।

ਕੁਝ ਦਿਨਾਂ ਦੀਆਂ ਬਰਸਾਤਾਂ ਨੇ 247 ਕਰੋੜ ਦੀ ਲਾਗਤ ਨਾਲ ਬਣੇ ਪੁੱਲ ਦੀ ਖੋਲ੍ਹੀ ਪੋਲ

ਮੁੰਬਈ 19 ਜੂਨ। ਤਿੰਨ ਮਹੀਨੇ ਪਹਿਲਾਂ ਸ਼ੁਰੂ ਹੋਏ ਪੱਛਮੀ ਐਕਸਪ੍ਰੈਸ ਹਾਈਵੇਅ ਨੂੰ ਅਹਿਮਦਾਬਾਦ ਹਾਈਵੇਅ ਨਾਲ ਜੋੜਨ ਵਾਲੇ ਫਲਾਈਓਵਰ ਨੇ ਉਸਾਰੀ ਦੇ ਘਟੀਆ ਕੰਮ ਦਾ ਪਰਦਾਫਾਸ ਕਰ ਦਿੱਤਾ ਹੈ। ਨੈਸਨਲ ਹਾਈਵੇਅ ਅਥਾਰਟੀ ਆਫ ਇੰਡੀਆ (ਐਨ.ਐਚ.ਏ.ਆਈ.) ਦੁਆਰਾ ਬਣਾਏ ਗਏ 247 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪੁਲ ਵਿੱਚ ਕੁਝ ਦਿਨਾਂ ਦੀ ਬਰਸਾਤ ਨਾਲ ਟੋਏ ਪੈ ਗਏ ਹਨ, ਜਿਸ ਨਾਲ ਵਾਹਨ ਚਾਲਕਾਂ ਅਤੇ ਖਾਸ ਤੌਰ 'ਤੇ ਦੋਪਹੀਆ ਵਾਹਨ ਸਵਾਰਾਂ ਦੀ ਜਾਨ ਨੂੰ ਖਤਰਾ ਪੈਦਾ ਹੋ ਗਿਆ ਹੈ। ਯਾਤਰੀਆਂ ਦੀਆਂ ਸਾਲਾਂ ਦੀਆਂ ਮੰਗਾਂ ਤੋਂ ਬਾਅਦ 27 ਮਾਰਚ ਨੂੰ ਆਵਾਜਾਈ ਲਈ ਇਸ ਨੂੰ ਖੋਲ੍ਹਿਆ ਗਿਆ ਸੀ। ਸਿਰਫ ਚਾਰ ਦਿਨਾਂ ਦੀ ਬਰਸਾਤ ਦੇ ਕਾਰਨ ਉਸਾਰੀ ਦੇ ਘਟੀਆ ਕੰਮ ਦਾ ਪਰਦਾਫਾਸ ਕਰ ਦਿੱਤਾ ਹੈ। ਨੈਸਨਲ ਹਾਈਵੇਅ ਅਥਾਰਟੀ ਆਫ ਇੰਡੀਆ (ਐਨ.ਐਚ.ਏ.ਆਈ.) ਦੁਆਰਾ

ਬਣਾਏ ਗਏ 247 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪੁਲ ਵਿੱਚ ਟੋਏ ਪੈ ਗਏ ਹਨ। ਇਸ ਪੱਤਰਕਾਰ ਨੇ ਮੰਗਲਵਾਰ ਨੂੰ ਮੁੰਬਈ-ਅਹਿਮਦਾਬਾਦ ਹਾਈਵੇਅ ਦੇ ਆਰਟੀਰੀਅਲ ਫੋਰ-ਲੇਨ ਪੁਲ 'ਤੇ ਯਾਤਰਾ ਕਰਦੇ ਸਮੇਂ ਕਈ ਟੋਏ ਦੇਖੇ। ਯਾਤਰੀਆਂ ਨੇ ਦੱਸਿਆ ਕਿ ਸਨੀਵਾਰ ਨੂੰ ਮਾਨਸੂਨ ਦੇ ਆਉਣ ਤੋਂ ਬਾਅਦ ਬਿਲਕੁਲ ਨਵੇਂ ਟੋਏ ਬਣ ਗਏ ਹਨ। ਜਿ਼ਕਰਯੋਗ ਹੈ ਕਿ ਮੁੰਬਈ ਅਤੇ ਠਾਣੇ ਤੋਂ ਆਉਣ ਵਾਲੇ ਅਤੇ ਮੁੰਬਈ-ਅਹਿਮਦਾਬਾਦ ਹਾਈਵੇਅ 'ਤੇ ਵਸਈ-ਗੁਜਰਾਤ ਵੱਲ ਜਾਣ ਵਾਲੇ ਵਾਹਨਾਂ ਦੀ ਆਵਾਜਾਈ ਲਈ ਕੇਂਦਰ ਸਰਕਾਰ ਦੀ ਨੈਸਨਲ ਹਾਈਵੇਅ ਅਥਾਰਟੀ ਵੱਲੋਂ ਘੋੜਬੰਦਰ ਵਿਖੇ ਵਰਸੋਵਾ ਖਾੜੀ 'ਤੇ ਚਾਰ ਮਾਰਗੀ ਪੁਲ ਬਣਾਇਆ ਗਿਆ ਹੈ।

ਰੂਹਾਨੀ ਰੁਤਬੇ ਦੀ ਬਾਤ ਹੈ ਜੁਗਨੀ

ਮਰਦ ਅਤੇ ਔਰਤਾਂ ਜੁਗਨੀ ਨੂੰ ਇਕ ਗਹਿਣੇ ਵਜੋਂ ਵੀ ਪਹਿਨਦੇ ਹਨ। ਨਾਮ ਜਪਣ ਵੇਲੇ ਹੱਥ ਨਾਲ ਫੇਰਨ ਵਾਰੀ ਤਸਬੀਹ ਨੂੰ ਵੀ ਕਈ ਵਾਰ ਜੁਗਨੀ ਕਹਿ ਲਿਆ ਜਾਂਦਾ ਹੈ...

ਸੁਖਵੀਰ ਸਿੰਘ ਕੰਗ

ਜੁਗਨੀ ਪੰਜਾਬੀ ਲੋਕ ਗੀਤਾਂ ਦੀ ਇਕ ਪ੍ਰਮੁੱਖ ਸ਼ੈਲੀ ਹੈ ਜੋ ਪੰਜਾਬੀ ਗੀਤ ਅਤੇ ਸੰਗੀਤ ਪ੍ਰੇਮੀਆਂ ਵਿਚ ਬਹੁਤ ਹਰਮਨ ਪਿਆਰੀ ਹੈ। ਇਸ ਨੂੰ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਚਾਹ ਕੇ ਗਾਇਆ ਅਤੇ ਸੁਣਿਆ ਜਾਂਦਾ ਹੈ। ਅਲਗੋਜ਼ਿਆਂ ਦੇ ਸੁਰ ਦੀ ਚਾਸ਼ਣੀ 'ਚ ਭਿੱਜੀ ਜੁਗਨੀ ਹਰ ਸੰਗੀਤ ਰਸੀਏ ਦਾ ਮਨ ਮੋਹ ਲੈਂਦੀ ਹੈ। ਪੰਜਾਬੀ ਗਾਇਕੀ ਦੇ ਇਸ ਸੂਹੇ ਰੰਗ ਦਾ ਪਿਛੋਕੜ ਅਤੇ ਇਤਿਹਾਸ ਬਹੁਤ ਪੁਰਾਣਾ ਹੈ। ਇਹ ਪੰਜਾਬੀ ਤੋਂ ਇਲਾਵਾ, ਮੁਲਤਾਨੀ, ਫ਼ਾਰਸੀ, ਅਰਬੀ ਆਦਿ ਭਾਸ਼ਾਵਾਂ ਵਿਚ ਵੀ ਪ੍ਰਚੱਲਿਤ ਹੈ। ਜੁਗਨੀ ਗਾਉਣ ਵਾਲੇ ਪੁਰਾਣੇ ਅਤੇ ਜੱਦੀ-ਪੁਸ਼ਤੀ ਗਾਇਕਾਂ ਨੂੰ ਸੁਣਨ ਤੇ ਇਹ ਆਭਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਜੁਗਨੀ ਇਨਸਾਨੀ ਰੂਹ ਦੀ ਗੱਲ ਹੈ, ਇਹ ਜ਼ਿੰਦਗੀ ਦਾ ਸਾਰ ਹੈ ਅਤੇ ਰੱਬ ਦੇ ਨਾਂ ਦੀ ਤਸ਼ਬੀਹ ਹੈ :

ਅਵਲ ਨਾਮ ਅੱਲ੍ਹਾ ਦਾ ਲਈਏ,
ਫੇਰ ਦਰੂਦ ਨਬੀ ਨੂੰ ਕਹੀਏ,
ਹਰ ਦਮ ਅਜਿਜ਼ੀ ਵਿਚ ਰਹੀਏ,
ਓ ਪੀਰ ਮੇਰਿਆ ਜੁਗਨੀ ਰਹਿੰਦੀ ਆ
ਨਾਮ ਅਲੀ ਦਾ ਲੈਂਦੀ ਆ...

ਦੰਦ ਕਥਾਵਾਂ ਵਿਚ ਸਾਂਝੀ ਜੁਗਨੀ

ਗੀਤਾਂ ਅਤੇ ਦੰਦ ਕਥਾਵਾਂ ਵਿਚ ਸਾਂਝੀ ਜੁਗਨੀ ਦੇ ਅਰੰਭ ਅਤੇ ਪਿਛੋਕੜ ਬਾਰੇ ਕੋਈ ਪ੍ਰਮਾਣਿਕ ਤੱਥ ਤਾਂ ਨਹੀਂ ਮਿਲਦੇ ਪਰ ਇਸ ਦੀ ਪੁਰਾਣੀ ਗਾਇਕੀ ਦੇ ਕੇਂਦਰੀ ਭਾਵ ਨੂੰ ਮਹਿਸੂਸ ਕਰ ਕੇ ਅਤੇ ਇਸ ਸਬੰਧੀ ਪੜ੍ਹੇ-ਸੁਣੇ ਬਿਰਤਾਂਤਾਂ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਜੁਗਨੀ ਹਜ਼ਾਰਾਂ ਸਾਲ ਪਹਿਲਾਂ ਹੋਂਦ ਵਿਚ ਆ ਚੁੱਕੀ ਸੀ। ਪੁਰਾਤਨ ਸਮੇਂ ਤੋਂ ਸਿੱਧ, ਯੋਗੀ, ਪੀਰ ਅਤੇ ਫ਼ਕੀਰ ਆਪਣੇ ਗਲ਼ੇ ਵਿਚ ਧਾਤ ਦਾ ਕੈਪਸੂਲ-ਨੁਮਾ ਤਵੀਤ ਧਾਗੇ ਜਾਂ ਮਾਲ਼ਾ ਵਿਚ ਪਰੋ ਕੇ ਧਾਰਨ ਕਰ ਕੇ ਰੱਖਦੇ ਸਨ ਜੋ ਉਨ੍ਹਾਂ ਦੀ ਸਾਧਨਾ, ਯੋਗ ਅਤੇ ਫ਼ਕੀਰੀ ਦੀ ਕਮਾਈ ਅਤੇ ਰੂਹ ਹੁੰਦਾ ਸੀ। ਇਸ ਨੂੰ ਯੋਗ-ਗ੍ਰਹਿਣੀ ਕਿਹਾ ਜਾਂਦਾ ਸੀ ਜੋ ਅੱਗੇ ਚੱਲ ਕੇ ਯੋਗਿਨੀ ਅਤੇ ਫਿਰ ਜੁਗਨੀ ਬਣ ਗਈ। ਕੁਝ ਯੋਗੀ ਜਾਂ ਫ਼ਕੀਰ ਇਸ ਨੂੰ ਤੋਮ੍ਹੇ ਨਾਲ ਵੀ ਬੰਨ੍ਹ ਲੈਂਦੇ ਸਨ।

ਜੁਬਲੀ ਸ਼ਬਦ

ਇਸ ਤੋਂ ਬਿਨ੍ਹਾਂ ਇਕ ਹੋਰ ਦੰਦ ਕਥਾ ਸੁਣਨ ਨੂੰ ਮਿਲਦੀ ਹੈ ਕਿ ਭਾਰਤ ਵਿਚ ਆਪਣੇ ਸਾਮਰਾਜ ਦੇ ਪੰਜਾਹ ਵਰ੍ਹੇ ਪੂਰੇ ਹੋਣ ਤੇ 1887 ਵਿਚ ਬਰਤਾਨਵੀ ਰਾਣੀ ਵਿਕਟੋਰੀਆ ਨੇ ਗੋਲਡਨ ਜੁਬਲੀ ਦੇ ਜਸ਼ਨਾਂ ਵਜੋਂ ਇਕ ਮਸ਼ਾਲ ਪੂਰੇ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿਚ ਘੁੰਮਾਈ ਸੀ ਇਹ ਮਸ਼ਾਲ ਜਿਸ ਸ਼ਹਿਰ ਜਾਂਦੀ ਤਾਂ ਉੱਥੇ ਇਕੱਠ ਕਰ ਕੇ ਅੰਗਰੇਜ਼ ਅਫ਼ਸਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਜਸ਼ਨ ਮਨਾਇਆ ਜਾਂਦਾ ਸੀ। ਇਸ ਦੇ ਵਿਰੋਧ ਵਜੋਂ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਨੇ ਅੰਗਰੇਜ਼ਾਂ ਦੇ ਜਸ਼ਨ ਦੇ ਮੁਕਾਬਲੇ ਵਜੋਂ ਉਸੇ ਸ਼ਹਿਰ, ਉਸੇ ਸਮੇਂ ਬਰਾਬਰ ਇਕੱਠ ਕਰ ਕੇ ਆਪਣਾ ਗੁੱਸਾ ਜ਼ਾਹਰ ਕਰਨ ਦਾ ਫ਼ੈਸਲਾ ਕੀਤਾ। ਇਕੱਠ ਕਰਨ ਅਤੇ ਵਧੇਰੇ ਲੋਕਾਂ ਨੂੰ ਬਿਠਾਈ ਰੱਖਣ ਲਈ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਕਵੀਸ਼ਰਾਂ ਨੂੰ ਬੁਲਾ ਕੇ ਹਰ ਪ੍ਰੋਗਰਾਮ ਉੱਤੇ ਜੁਬਲੀ ਵਿਰੋਧੀ ਗੀਤ ਗਾਉਣ ਲਈ ਕਿਹਾ ਗਿਆ। ਬਿਸ਼ਨਾ ਅਤੇ ਮਾਂਦਾ ਨਾਂ ਦੇ ਇਨ੍ਹਾਂ ਅਨਪੜ੍ਹ ਗਾਇਕਾਂ ਨੇ 'ਜੁਬਲੀ' ਸ਼ਬਦ ਨੂੰ 'ਜੁਗਨੀ' ਸਮਝਦਿਆਂ ਆਪਣੇ ਹਿਸਾਬ ਨਾਲ ਮੌਕੇ 'ਤੇ ਸਬੰਧਤ ਸ਼ਹਿਰ ਦਾ ਨਾਂ ਲੈ ਕੇ ਗੀਤ ਜੋੜ ਲਏ :

ਜੁਗਨੀ ਜਾ ਵੜੀ ਮਜੀਠੇ,
ਕੋਈ ਰੰਨ ਨਾ ਚੰਕੀ ਪੀਠੇ,
ਪੁੱਤ ਗੱਭਰੂ ਮੁਲਕ ਵਿਚ ਮਾਰੇ,
ਰੋਵਣ ਅੱਖੀਆਂ ਪਰ ਬੁੱਲ੍ਹ ਸੀਤੇ,
ਪੀਰ ਮੇਰਿਆ ਓਏ ਜੁਗਨੀ ਆਈ ਆ,
ਇਨ੍ਹਾਂ ਕਿਹੜੀ ਜੋਤ ਜਗਾਈ ਆ।
ਜੁਗਨੀ ਜਾ ਵੜੀ ਲੁਧਿਆਣੇ,
ਉਹਨੂੰ ਪੈ ਗਏ ਅੰਨੇ ਕਾਣੇ
ਮਾਰਨ ਮੁੱਕੀਆਂ ਮੰਗਣ ਦਾਣੇ,
ਪੀਰ ਮੇਰਿਆ ਉਏ ਜੁਗਨੀ ਕਹਿੰਦੀ ਆ
ਜਿਹੜੀ ਨਾਮ ਸਾਈਂ ਦਾ ਲੈਂਦੀ ਆ।

ਜੁਗਨੀ ਦੇ ਸਫ਼ਰ ਦਾ ਇਕ ਮੋੜ

ਕਈ ਜੁਗਨੀ ਦੀ ਉਪਜ ਆਜ਼ਾਦੀ ਦੀ ਲੜਾਈ ਨਾਲ ਜੋੜ ਦਿੰਦੇ ਹਨ ਪਰ ਇਹ ਸਹੀ ਨਹੀਂ ਹੈ। ਇਸ ਨੂੰ ਅਸੀਂ ਜੁਗਨੀ ਦੇ ਸਫ਼ਰ ਦਾ ਇਕ ਮੋੜ ਹੀ ਕਹਿ ਸਕਦੇ ਹਾਂ। ਜਿਸ ਨੇ ਜੁਗਨੀ ਨੂੰ ਸ਼ਹਿਰਾਂ ਅਤੇ ਕਸਬਿਆਂ ਨਾਲ ਜੋੜ ਦਿੱਤਾ। ਕਈ ਵਾਰ ਜੁਗਨੀ ਤੋਂ ਸੋਹਣੀ ਮੁਟਿਆਰ ਦਾ ਭਾਵ ਵੀ ਲੈ ਲਿਆ ਜਾਂਦਾ ਹੈ। ਕਾਫ਼ੀ ਗਾਇਕਾਂ ਨੇ ਇਸ ਭਾਵ ਵਿਚ ਵੀ ਗਾਇਆ ਹੈ। ਰਾਤ ਨੂੰ ਉੱਡਦੇ ਹੋਏ ਰੋਸ਼ਨੀ ਬਿਖੇਰਨ ਵਾਲੇ ਜੀਵ ਜੁਗਨੂੰ ਦੀ ਮਾਦਾ ਨੂੰ ਵੀ ਕਈ ਜੁਗਨੀ ਕਹਿ ਦਿੰਦੇ ਹਨ। ਮਰਦ ਅਤੇ ਔਰਤਾਂ ਜੁਗਨੀ ਨੂੰ ਇਕ ਗਹਿਣੇ ਵਜੋਂ ਵੀ ਪਹਿਨਦੇ ਹਨ। ਨਾਮ ਜਪਣ ਵੇਲੇ ਹੱਥ ਨਾਲ ਫੇਰਨ ਵਾਰੀ ਤਸਬੀਹ ਨੂੰ ਵੀ ਕਈ ਵਾਰ ਜੁਗਨੀ ਕਹਿ ਲਿਆ ਜਾਂਦਾ ਹੈ।

ਜੁਗਨੀ ਨੂੰ ਸੰਗੀਤਕ ਰੂਪ ਵਿਚ ਗਾਉਣ ਵਾਲਿਆਂ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਦੋ ਨਾਂ ਉੱਭਰਦੇ ਹਨ, ਪਹਿਲਾ ਪਿੰਡ ਕੋਟ ਇਨਾਇਤ ਖਾਂ (ਪਾਕਿਸਤਾਨ) ਵਾਲਾ ਨਵਾਬ ਹੈ, ਜੋ ਨੰਬ ਕੋਟੀਆ ਘੁਮਿਆਰ ਦੇ ਨਾਂ ਨਾਲ ਮਸ਼ਹੂਰ ਹੈ ਅਤੇ ਦੂਸਰਾ ਵੀ ਪਾਕਿਸਤਾਨ ਦੇ ਕਸਬੇ ਲਾਲਾ ਮੂਸਾ ਦਾ ਆਲਮ ਲੁਹਾਰ ਹੈ, ਜੋ ਚਿਮਟੇ ਵਾਲਾ ਤਖ਼ੱਲਸ ਨਾਲ ਮਸ਼ਹੂਰ ਹੈ। ਨੰਬ ਕੋਟੀਆ ਜਦੋਂ ਆਪਣੇ ਪੁੱਤਰਾਂ ਸਰਜਾ, ਮਿਰਜਾ, ਬੂਟੇ ਅਤੇ ਜਾਨੇ ਨਾਲ ਗਾਉਂਦਿਆ ਜਦੋਂ 'ਪੀਰ ਮੇਰਿਆ ਜੁਗਨੀ' ਤੋਂ ਬਾਅਦ ਜਦੋਂ 'ਉਏ' ਕਹਿੰਦਾ ਹੈ ਤਾਂ ਸੰਗੀਤ ਰਸੀਆਂ ਦੇ ਕਾਲਜੇ ਧੂ ਪਾ ਦਿੰਦਾ ਹੈ, ਉਹ ਜੁਗਨੀ ਲੋਰੀ ਵਾਂਗ ਗਾਉਂਦਾ ਹੈ :

ਅਵੱਲ ਸਿਫ਼ਤ ਖ਼ੁਦਾ ਦੀ ਆਖਾਂ
ਜਿਹੜਾ ਪਰਵਰਦਿਗਾਰ,
ਦੂਜੀ ਸਿਫ਼ਤ ਰਸੂਲ ਇਲ-ਲਿਲਹਾ ਦੀ,
ਆਖਾਂ ਹਮਦ ਹਜ਼ਾਰ,
ਤੀਜੀ ਸਿਫ਼ਤ ਉਨ੍ਹਾਂ ਦੀ ਆਖਾਂ,
ਜਿਹੜੇ ਪਿਆਰੇ ਯਾਰ,
ਨਾਮ ਨਵਾਬ ਤੇ ਜਾਤ ਕੰਮੀ ਦੀ,
ਜੁਗਨੀ ਕਰਾਂ ਤਿਆਰ
ਪੀਰ ਮੇਰਿਆ ਜੁਗਨੀ ਉਏ,
ਪੀਰ ਮੇਰਿਆ ਜੁਗਨੀ ਕਹਿੰਦੀ ਆ
ਜਿਹੜੀ ਨਾਮ ਅੱਲਾ ਦਾ ਲੈਂਦੀ ਆ।

ਇਸੇ ਤਰ੍ਹਾਂ ਆਲਮ ਲੁਹਾਰ ਨੇ ਜਿੱਥੇ ਬਹੁਤ ਸਾਰੀਆਂ ਲੋਕ-ਕਥਾਵਾਂ ਅਤੇ ਗੀਤਾਂ ਨੂੰ ਪੰਜਾਬੀ ਲੋਕ ਗਾਇਕੀ ਦੀ ਝੋਲੀ ਪਾਇਆ ਉੱਥੇ ਉਸ ਨੇ ਜੁਗਨੀ ਨੂੰ ਵੀ ਬੜੀ ਰੂਹ ਨਾਲ ਗਾਇਆ :

ਅਲੀ ਵਾਕ ਇਮਾਮ ਦਾ,
ਮੈਂ ਬਿਰਦ ਕਰਾਂ ਦਮ ਦਮ,
ਇਹਨੂੰ ਪੈਣ ਉਜੱਲੇ ਨੂਰ ਦੇ,
ਜਿਉਂ ਕਤਰੇ ਸ਼ਬਨਮ,
ਮੈਂ ਪੜ੍ਹੀ ਨਮਾਜ਼ ਐ ਇਸ਼ਕ ਦੀ,
ਦੂਰ ਹੋਏ ਸਭ ਗ਼ਮ,
ਓ ਮੈਂ ਗਾਵਾਂ ਜੁਗਨੀ।

ਇੱਥੇ ਬੁੱਢਾ ਸ਼ੇਖ ਦੀ ਜੁਗਨੀ ਦਾ ਵੀ ਜਿਕਰ ਕਰਨਾ ਬਣਦਾ ਹੈ :

ਇਹ ਜਿੱਤਣ ਨਾਲੋਂ ਹਾਰਨ ਚੰਗਾ ਜੇ,
ਤੂੰ ਸੁਣ ਮਸਤ ਫ਼ਕੀਰਾ,
ਜਿੱਤ ਜਾਏਂ ਤੇ ਛੱਲਾ ਕੱਚ ਦਾ,
ਹਾਰ ਜਾਏਂ ਤੇ ਹੀਰਾ,
ਓ ਪੀਰ ਮੇਰਿਆ ਤੇਰੀ ਜੁਗਨੀ
ਸਾਈਂ ਬੋਹੜਾਂ ਵਾਲਿਆਂ ਤੇਰੀ ਜੁਗਨੀ।

ਪੰਜਾਬੀ ਗਾਇਕੀ ਅਤੇ ਜੁਗਨੀ

ਜੇਕਰ ਪੰਜਾਬੀ ਗਾਇਕੀ ਅਤੇ ਜੁਗਨੀ ਦਾ ਦਮ ਦੇਖਣਾ ਹੋਵੇ ਤਾਂ ਬੀਬਾ ਗੁਰਮੀਤ ਬਾਵਾ ਜੀ ਦੀ ਜੁਗਨੀ ਸੁਣੀ ਜਾ ਸਕਦੀ ਹੈ। ਆਪਣੀ ਬੁਲੰਦ ਆਵਾਜ਼ ਨਾਲ ਹੱਥ ਦੀ ਉੱਗਲ ਅਤੇ ਬਾਂਹ ਖੜ੍ਹੀ ਕਰਕੇ ਅਤੇ ਕਦੇ ਹੱਥ ਕੰਨ ਵੱਲ ਕਰ ਕੇ ਤੇ ਕੂਹਣੀ ਉਤਾਂਹ ਵੱਲ ਕਰ ਕੇ ਜਦੋਂ ਉਹ ਲੰਬੀ ਹੇਕ ਲਾਉਂਦੇ ਹਨ ਤਾਂ ਸੁਣਨ ਵਾਲਿਆਂ ਦੇ ਸਾਹ ਰੁਕ ਜਾਂਦੇ ਹਨ ਅਤੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। 45 ਸੈਕਿੰਡ ਤਕ ਦੀ ਲੰਬੀ ਹੇਕ ਦੀ ਮਲਿਕਾ ਜਦੋਂ ਜੁਗਨੀ ਗਾਉਂਦੀ ਹੈ ਅਤੇ ਕਚੀਚੀ ਲੈ ਕੇ ਬੰਦ ਦੀ ਆਖ਼ਰੀ ਸਤਰ ਕਹਿੰਦੀ ਹੈ ਤਾਂ ਲੋਕ ਅਸ਼-ਅਸ਼ ਕਰ ਉੱਠਦੇ ਹਨ। ਗੀਤ ਦਾ ਬੰਦ ਮੁਕਾ ਕੇ ਸਟੈਂਡ ਵਾਲੇ ਮਾਈਕ ਤੋਂ ਝੁਕ ਕੇ ਪਿੱਛੇ ਹੱਟਣ ਦਾ ਉਨ੍ਹਾਂ ਦਾ ਆਪਣਾ ਹੀ ਅੰਦਾਜ਼ ਰਿਹਾ ਹੈ।

ਜੁਗਨੀ ਨੂੰ ਆਲਮੀ ਪ੍ਰਸਿੱਧੀ ਦੇਣ ਵਿਚ ਆਲਮ ਲੁਹਾਰ ਦੇ ਪੁੱਤਰ ਆਰਿਫ਼ ਲੁਹਾਰ ਦਾ ਵੀ ਅਹਿਮ ਯੋਗਦਾਨ ਹੈ। ਅੱਜ ਦੀ ਪੰਜਾਬੀ ਲੋਕ ਗਾਇਕੀ ਦੇ ਨਾਮਵਰ ਤੇ ਦਮਦਾਰ ਫ਼ਨਕਾਰ ਨੇ ਕੋਕ ਸਟੂਡੀਓ ਵਿਚ ਮੀਸ਼ਾ ਸ਼ਫੀ ਨਾਲ ਇਕ ਨਿਵੇਕਲੇ ਸੰਗੀਤ ਵਿਚ ਜੁਗਨੀ ਗਾ ਕੇ ਇਸ ਨੂੰ ਹੋਰ ਪ੍ਰਸਿੱਧੀ ਅਤੇ ਵਧੇਰੇ ਹਰਮਨ ਪਿਆਰਤਾ ਦਿਵਾਈ :

ਏ ਵੇ ਅੱਲ੍ਹਾ ਵਾਲਿਆਂ ਦੀ ਜੁਗਨੀ ਜੀ,
ਏ ਵੇ ਨਬੀ ਪਾਕ ਦੀ ਜੁਗਨੀ ਜੀ,
ਏ ਵੇ ਮੌਲਾ ਅਲੀ ਵਾਲੀ ਜੁਗਨੀ ਜੀ,
ਏ ਵੇ ਮੇਰੇ ਪੀਰ ਦੀ ਜੁਗਨੀ ਜੀ,
ਦਮ ਗੁਟਕੂੰ, ਦਮ ਗੁਟਕੂੰ, ਕਰੇ ਸਾਈਂ,
ਇਹ ਕਲਮਾਂ ਨਬੀ ਦਾ ਪੜ੍ਹੇ ਸਾਈਂ।

ਨੰਬ ਕੋਟੀਆ ਘੁਮਿਆਰ, ਆਲਮ ਲੁਹਾਰ ਅਤੇ ਗੁਰਮੀਤ ਬਾਵਾ ਨੇ ਜੁਗਨੀ ਅਲਗੋਜ਼ਿਆ ਨਾਲ ਗਾਈ। ਇਨ੍ਹਾਂ ਨੇ ਜੁਗਨੀ ਦੇ ਵੱਖੋ-ਵੱਖ ਬੰਦ ਗਾਏ ਹਨ ਅਤੇ ਭਾਸ਼ਾ ਦਾ ਵੀ ਫ਼ਰਕ ਹੈ, ਫਿਰ ਵੀ ਇਨ੍ਹਾਂ ਦੇ ਕੁਝ ਬੰਦ ਸਾਂਝੇ ਹਨ :

ਮੇਰੀ ਜੁਗਨੀ ਦੇ ਧਾਗੇ ਬੱਗੇ,
ਜੁਗਨੀ ਓਹਦੇ ਮੂੰਹੋਂ ਫੱਬੇ,
ਜਿਸ ਨੂੰ ਸੱਟ ਇਸ਼ਕ ਦੀ ਲੱਗੇ,
ਓ ਪੀਰ ਮੇਰਿਆ ਜੁਗਨੀ ਕਹਿੰਦੀ ਆ,
ਜਦ ਨਾਮ ਅਲੀ ਦਾ ਲੈਂਦੀ ਆ।
ਔਖੀ ਕਾਰ ਫ਼ਕੀਰੀ ਵਾਲੀ,
ਚੜ੍ਹ ਸੂਲੀ 'ਤੇ ਬਹਿਣਾ,
ਦਰ-ਦਰ 'ਤੇ ਨੇ ਟੁੱਕੜ ਮੰਗਣੇ,
ਮਾਈਏ ਭੈਣੇ ਕਹਿਣਾ,
ਭਾਵੇਂ ਲੱਖਾਂ ਹੀਲੇ ਕਰੀਏ,
ਇੱਥੇ ਜੋ ਬਣਿਆ ਸੋ ਰਹਿਣਾ
ਓ ਪੀਰ ਮੇਰਿਆ ਜੁਗਨੀ।

ਇਸ ਤੋਂ ਬਿਨ੍ਹਾਂ ਹੋਰ ਵੀ ਗਾਇਕਾਂ ਨੇ ਜੁਗਨੀ ਗਾਈ, ਜਿਸ ਵਿੱਚੋਂ ਬਹੁਤੇ ਗਾਇਕਾਂ ਦੀ ਜੁਗਨੀ ਅਸਲ ਸਿਧਾਂਤ ਤੋਂ ਦੂਰ ਹੈ। ਜੁਗਨੀ ਤਾਂ ਰੂਹ ਅਤੇ ਰਹਿਬਰ ਦੇ ਰਿਸ਼ਤੇ ਦੀ ਪਾਕ-ਪਵਿੱਤਰ ਨਿਸ਼ਾਨੀ ਦੀ ਬਾਤ ਹੈ। •

85678-72291

ਨਿਪੁੰਨ ਯੋਗੀ ਦਾ ਚਿੰਨ੍ਹ

ਯੋਗੀ ਆਪਣੇ ਚੇਲਿਆਂ ਨੂੰ ਯੋਗ ਵਿੱਦਿਆ ਵਿਚ ਨਿਪੁੰਨ ਹੋ ਜਾਣ ਤੇ ਉਨ੍ਹਾਂ ਨੂੰ ਯੋਗ ਦੇਣ ਵੇਲੇ ਉਨ੍ਹਾਂ ਦੇ ਗਲ਼ ਵਿਚ ਇਹ ਯੋਗਿਨੀ ਧਾਰਨ ਕਰਾਉਂਦੇ ਸਨ, ਭਾਵ ਇਹ ਯੋਗ ਗ੍ਰਹਿਣ ਅਤੇ ਨਿਪੁੰਨ ਯੋਗੀ ਦੇ ਚਿੰਨ੍ਹ ਵਜੋਂ ਪ੍ਰਚੱਲਿਤ ਹੋਈ। ਇਸੇ ਤਰ੍ਹਾਂ ਹੀ ਇਸਲਾਮ ਦੀ ਸੰਗੀਤ ਪ੍ਰੇਮੀ ਸੰਪਰਦਾਏ ਸੂਫ਼ੀ ਮਤ ਵਿਚ ਵੀ ਇਸੇ ਤਰ੍ਹਾਂ ਪੀਰ-ਮੁਰਸ਼ਦ ਆਪਣੇ ਸਭ ਤੋਂ ਕਾਬਲ ਸ਼ਾਗਿਰਦ ਨੂੰ ਜਦੋਂ ਆਪਣੀ ਗੱਦੀ ਦਿੰਦੇ ਜਾਂ ਖ਼ਾਸ ਅਵਸਥਾ ਵਿਚ ਪੁੱਜਣ ਵਾਲੇ ਦਰਵੇਸ਼ ਨੂੰ ਫ਼ਕੀਰੀ ਬਖ਼ਸ਼ਦੇ ਤਾਂ ਉਹ ਵੀ ਆਪਣੀ ਯੋਗਿਨੀ ਭਾਵ ਰੂਹ ਉਸ ਨੂੰ ਧਾਰਨ ਕਰਵਾ ਦਿੰਦੇ ਸਨ। ਇਸ ਤਰ੍ਹਾਂ ਯੋਗਿਨੀ ਅੱਗੇ ਤੋਂ ਅੱਗੇ ਚਲਦੀ ਰਹਿੰਦੀ ਸੀ। ਕਠਿਨ ਸਾਧਨਾ ਅਤੇ ਚਿੱਲ੍ਹੇ ਕੱਟ ਕੇ ਮਿਲੀ ਯੋਗਿਨੀ ਇਕ ਰੁਤਬਾ ਮੰਨੀ ਜਾਂਦੀ ਸੀ। ਇਸ ਅਵਸਰ 'ਤੇ ਜਸ਼ਨ ਵੀ ਮਨਾਏ ਜਾਂਦੇ ਸਨ, ਜਿਨ੍ਹਾਂ ਵਿਚ ਰੱਬ, ਅੱਲ੍ਹਾ, ਪੀਰ, ਮੁਰਸ਼ਦ ਜਾਂ ਗੁਰੂ ਦੀ ਸਿਫ਼ਤ ਸਲਾਹ ਦਾ ਗਾਇਨ ਵੀ ਹੁੰਦਾ ਸੀ। ਇਸ ਤਰ੍ਹਾਂ ਜੁਗਨੀ ਵਰਗਾ ਪਾਕ-ਪਵਿੱਤਰ ਗਹਿਣਾ ਕਦੇ ਸਿੱਧਾਂ, ਯੋਗੀਆਂ ਅਤੇ ਪੀਰਾਂ ਦੀ ਕਮਾਈ ਹੁੰਦਾ ਸੀ ਜਿਸ ਨੂੰ ਧਾਰਨ ਕਰ ਕੇ ਉਹ ਲੋਕਾਈ ਦੀ ਸੇਵਾ ਅਤੇ ਸੁਧਾਰ ਕਰਦੇ ਸਨ। ਇਹ ਪੰਜਾਬੀ ਲੋਕ ਗੀਤਾਂ ਵਿਚਲੀ ਯੋਗਿਨੀ ਤੋਂ ਬਣੀ ਜੁਗਨੀ ਦਾ ਅਰੰਭ ਅਤੇ ਅਸਲ ਵਜੂਦ ਹੈ।

ਯੋਗੀ ਫ਼ਕੀਰ

ਇਕ ਦੰਦ ਕਥਾ ਅਨੁਸਾਰ ਕਿਹਾ ਜਾਂਦਾ ਹੈ ਕਿ ਪੁਰਾਤਨ ਸਮੇਂ ਤੋਂ ਸਿੱਧ, ਯੋਗੀ, ਪੀਰ ਅਤੇ ਫ਼ਕੀਰ ਆਪਣੇ ਗਲ਼ੇ ਵਿਚ ਧਾਤ ਦਾ ਕੈਪਸੂਲ-ਨੁਮਾ ਤਵੀਤ ਧਾਗੇ ਜਾਂ ਮਾਲ਼ਾ ਵਿਚ ਪਰੋ ਕੇ ਧਾਰਨ ਕਰ ਕੇ ਰੱਖਦੇ ਸਨ ਜੋ ਉਨ੍ਹਾਂ ਦੀ ਸਾਧਨਾ, ਯੋਗ ਅਤੇ ਫ਼ਕੀਰੀ ਦੀ ਕਮਾਈ ਅਤੇ ਰੂਹ ਹੁੰਦਾ ਸੀ। ਇਸ ਨੂੰ ਯੋਗ-ਗ੍ਰਹਿਣੀ ਕਿਹਾ ਜਾਂਦਾ ਸੀ ਜੋ ਅੱਗੇ ਚੱਲ ਕੇ ਯੋਗਿਨੀ ਅਤੇ ਫਿਰ ਜੁਗਨੀ ਬਣ ਗਈ।

ਰੁੱਖਾਂ ਤੇ ਮਨੁੱਖਾਂ ਦੀ ਨੇੜਤਾ

ਤ੍ਰਿਵੈਣੀ ਨਿੰਮ, ਪਿੱਪਲ ਤੇ ਬੋਹੜ ਦੇ ਇੱਕੋ ਥਾਂ ਲੱਗੇ ਦਰੱਖਤਾਂ ਦੇ ਝੁੰਡ ਨੂੰ ਕਿਹਾ ਜਾਂਦਾ ਸੀ। ਪੁਰਾਣੇ ਸਮਿਆਂ ਵਿਚ ਮੰਨਿਆਂ ਜਾਂਦਾ ਸੀ ਕਿ ਇਸ ਨੂੰ ਲਗਾਉਣ ਨਾਲ ਸਵਰਗ ਦੀ ਪ੍ਰਾਪਤੀ ਹੁੰਦੀ ਹੈ ਜਦਕਿ ਅਜਿਹਾ ਕੁਝ ਵੀ ਨਹੀਂ ਸੀ। ਕੀ ਸੀ ਤ੍ਰਿਵੈਣੀ ਤੇ ਸਵਰਗ ਦੀ ਸਚਾਈ ਆਓ ਇਸ ਵਾਰੇ ਚਰਚਾ ਕਰੀਏ। ਵਿਗਿਆਨ ਦਾ ਆਰੰਭ ਤਾਂ ਉਦੋਂ ਹੀ ਹੋ ਗਿਆ ਸੀ ਜਦੋਂ ਮਨੁੱਖ ਨੇ ਪੱਥਰਾਂ ਨੂੰ ਰਗੜ ਕੇ ਅੱਗ ਬਾਲਣੀ ਸਿੱਖ ਲਈ ਸੀ। ਵਿਗਿਆਨ ਦੀ ਪਹਿਲੀ ਖੋਜ ਜੇਕਰ ਪਹੀਏ ਦੀ ਖੋਜ ਨੂੰ ਮੰਨ ਲਿਆ ਜਾਵੇ ਤਾਂ ਕੁਝ ਗ਼ਲਤ ਨਹੀਂ ਹੋਵੇਗਾ। ਪੁਰਾਣੇ ਸਮਿਆਂ ਦੇ ਸਿਆਣੇ ਬਜ਼ੁਰਗ ਵਿਗਿਆਨ ਦੀ ਸੋਚ ਜਾਣ ਚੁੱਕੇ ਸਨ ਉਸ ਇਸ ਨੂੰ ਅਪਣਾਉਣਾ ਵੀ ਚਾਹੁੰਦੇ ਸਨ ਪਰ ਉਸ ਸਮੇਂ ਦੇ ਲੋਕਾਂ ਦਾ ਬੌਧਿਕ ਪੱਧਰ ਵਿਗਿਆਨ ਦਾ ਹਾਣੀ ਨਹੀਂ ਸੀ। ਇਹ ਸਭ ਗੱਲਾਂ ਉਨ੍ਹਾਂ ਦੀ ਸਮਝ ਤੋਂ ਬਾਹਰ ਸਨ। ਉਨ੍ਹਾਂ ਦੇ ਦਿਮਾਗ਼ 'ਚ ਸਿਰਫ਼ ਧਰਮ ਹੀ ਫਿੱਟ ਬੈਠਦਾ ਸੀ ਕਿਉਂਕਿ ਜ਼ਿਆਦਾ ਧਰਮੀ ਹੋਣ 'ਤੇ ਕਮਲੇ ਹੋਣ 'ਚ ਜ਼ਿਆਦਾ ਫ਼ਰਕ ਨਹੀਂ ਹੁੰਦਾ ਸੋ ਬਜ਼ੁਰਗਾਂ ਨੇ ਲੋਕਾਂ ਦਾ ਮਾਨਸਿਕ ਪੱਧਰ ਵਾਚਦੇ ਹੋਏ ਉਨ੍ਹਾਂ ਵਿਗਿਆਨਕ ਸਚਾਈਆਂ ਨੂੰ ਧਰਮ ਨਾਲ ਜੋੜ ਦਿੱਤਾ ਕਿਉਂਕਿ ਲੋਕ ਸਿਰ

ਪਟਿਆਲਾ ਪੁਲਿਸ ਵੱਲੋਂ ਨਸ਼ਿਆਂ ਤਸਕਰਾਂ ਨੂੰ ਨਕੇਲ ਪਾਉਣ ਲਈ ਐਸ ਐਸ ਪੀ ਵਰੁਣ ਸ਼ਰਮਾ ਦੀ ਅਗਵਾਈ ਹੇਠ ਚਲਾਇਆ ਅਪ੍ਰੇਸ਼ਨ

ਪਟਿਆਲਾ, 19 ਜੂਨ
ਅਮਰਜੀਤ ਸਿੰਘ ਲਾਂਬਾ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਯੋਗ ਡਾਇਰੈਕਟਰ ਜਨਰਲ ਆਫ਼ ਪੁਲਿਸ ਸ੍ਰੀ ਗੌਰਵ ਯਾਦਵ ਜੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਦੀ ਸਰਪ੍ਰਸਤੀ ਹੇਠ ਪਟਿਆਲਾ ਪੁਲਿਸ ਨੇ ਐਸ ਐਸ ਪੀ ਵਾਰੁੱਣ ਸ਼ਰਮਾ ਦੀ ਅਗਵਾਈ ਹੇਠ ਜ਼ਿਲ੍ਹੇ ਭਰ ਵਿੱਚ ਵਿਆਪਕ ਘੇਰਾਬੰਦੀ ਕਰਕੇ ਅਤੇ ਤਲਾਸ਼ੀ ਮੁਹਿੰਮਾਂ ਦੇ ਨਾਲ ਨਸ਼ਾ ਤਸਕਰੀ ਵਿਰੁੱਧ ਆਪਣੀ ਲੜਾਈ ਤੇਜ਼ ਕਰ ਦਿੱਤੀ ਹੈ, ਐਸ ਐਸ ਪੀ ਵਾਰੁੱਣ ਸ਼ਰਮਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਸਬੰਧੀ ਕਿਸੇ ਵੀ ਗਤੀਵਿਧੀ ਦੀ ਸੂਚਨਾ ਪੁਲਿਸ ਅਧਿਕਾਰੀਆਂ ਨੂੰ ਦੇਣ ਤਾਂ ਜੋ ਅਸੀਂ ਮਿਲ ਕੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਕਰ ਸਕੀਏ। ਇਸ ਅਪਰੇਸ਼ਨ ਦੌਰਾਨ ਕਈ ਸ਼ੱਕੀ ਵਿਅਕਤੀਆਂ ਨੂੰ ਵੀ ਹਿਰਾਸਤ ਵਿਚ ਲਿਆ ਹੈ।

ਇਸ ਮੌਕੇ ਐਸ ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ, ਡੀ ਐੱਸ ਪੀ ਸਿਟੀ 2 ਜੰਗਜੀਤ ਸਿੰਘ ਰੰਧਾਵਾ, ਇੰਸਪੈਕਟਰ ਹਰਜਿੰਦਰ ਸਿੰਘ ਢਿੱਲੋਂ, ਇੰਸਪੈਕਟਰ ਪ੍ਰਦੀਪ ਬਾਜਵਾ, ਇੰਸਪੈਕਟਰ ਸੁਖਵਿੰਦਰ ਸਿੰਘ ਗਿੱਲ, ਅਤੇ ਹੋਰ ਵੱਖ ਵੱਖ ਥਾਣਿਆਂ ਦੀ ਪੁਲੀਸ ਨੇ ਇਸ ਅਪ੍ਰੇਸ਼ਨ ਵਿਚ ਭਾਗ ਲਿਆ।

5 ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਮੇਰੇ ਘਰ ਚੋਰੀ ਕਰਨ ਵਾਲਿਆਂ ਨੂੰ ਨਹੀਂ ਫੜ ਸਕੀ ਪੁਲਿਸ : ਬੁਜਰਕ

ਪਾਤੜਾਂ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜ ਸੇਵੀ ਬ੍ਰਿਸ਼ ਭਾਨ ਬੁਜਰਕ ਦੇ ਘਰ ਚੋਰਾਂ ਨੇ ਰਾਤ ਸਮੇਂ ਚੋਰੀ ਕਰ ਲਈ ਤੇ ਚੋਰ ਉਨ੍ਹਾਂ ਦੇ ਘਰ ਦਾ ਸਾਰਾ ਸਾਮਾਨ ਫਰੋਲ ਕੇ ਸੋਨੇ ਦੇ ਗਹਿਣੇ ਚੋਰੀ ਕਰਕੇ ਲੈ ਗਏ, ਜਿਨ੍ਹਾਂ ਦੀ ਕੀਮਤ ਕਰੀਬ 5 ਲੱਖ ਤੋਂ ਵੱਧ ਸੀ ਪਰ 5 ਮਹੀਨੇ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਪੁਲਿਸ ਚੋਰੀ ਕਰਨ ਵਾਲੇ ਵਿਅਕਤੀਆਂ ਨੂੰ ਫੜਨ ਚ ਅਸਫ਼ਲ ਰਹੀ ਹੈ ਅਤੇ ਪੁਲਿਸ ਵਲੋਂ ਚੋਰੀ ਦੀ ਵਾਰਦਾਤ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਵੀ ਦਰਜ ਕਰ ਲਿਆ ਗਿਆ ਸੀ। ਭਾਵੇਂ ਚੋਰੀ ਹੋਣ ਦੀ ਸੂਚਨਾ ਮਿਲਣ 'ਤੇ ਪੁੱਜੀ ਪੁਲਿਸ ਨੇ ਛੇਤੀ ਹੀ ਚੋਰਾਂ ਨੂੰ ਫੜ ਲੈਣ ਦਾ ਦਾਅਵਾ ਕੀਤਾ ਸੀ। ਪਰ ਇਸ ਮਾਮਲੇ ਚ ਕੋਈ ਸਫਲਤਾ ਮਿਲਦੀ ਨਜ਼ਰ ਨਹੀਂ ਆ ਰਹੀ। ਉਲਟਾ ਸਹਿਰ ਅੰਦਰ ਹਰ ਰੋਜ਼ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਆਰ ਟੀ ਆਈ ਮਾਹਿਰ ਅਤੇ ਸਮਾਜ ਸੇਵੀ ਬ੍ਰਿਸ਼ ਭਾਨ ਬੁਜਰਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਆਪਣੀ ਪਤਨੀ ਦਾ ਆਪ੍ਰੇਸ਼ਨ - ਕਰਵਾਉਣ ਲਈ ਟੋਹਾਣਾ ਗਏ ਹੋਏ ਸੀ। ਜਦੋਂ 12 ਜਨਵਰੀ ਨੂੰ ਸਵੇਰੇ ਉਨ੍ਹਾਂ ਦਾ ਲੜਕਾ ਪੇਪਰ ਦੇਣ ਵਾਸਤੇ ਨਿਆਲ ਕਾਲਜ ਜਾਣ ਲਈ ਘਰ ਆਇਆ ਤਾਂ ਦੇਖਿਆ ਕਿ ਘਰ ਦਾ ਸਾਰਾ ਸਾਮਾਨ ਖਿਲਾਰਿਆ ਪਿਆ ਸੀ ਅਤੇ ਅਲਮਾਰੀ ਦਾ ਜਿੰਦਰਾ ਤੋੜਿਆ ਹੋਇਆ ਸੀ। ਮੇਰੀ ਪਤਨੀ ਨੂੰ ਹਸਪਤਾਲ 'ਚੋਂ ਛੁੱਟੀ ਮਿਲਣ 'ਤੇ ਜਦੋਂ ਅਸੀ ਘਰ ਆਏ ਤਾਂ ਸਾਰਾ ਸਾਮਾਨ ਚੈੱਕ ਕਰਨ 'ਤੇ ਸੋਨੇ ਦੇ ਗਹਿਣੇ ਗਾਇਬ ਸਨ, ਜਿਨ੍ਹਾਂ ਦੀ ਕੀਮਤ ਕਰੀਬ 4 ਤੋਂ 5 ਲੱਖ ਹੈ ਅਤੇ ਘਰ 'ਚ ਲੱਗੇ ਵਾਈ ਫਾਈ ਦਾ ਬਾਕਸ ਵੀ ਚੋਰ ਸਾੜ ਕੇ ਸੁੱਟ ਗਏ ਸਨ। ਪਹਿਲਾਂ ਤਾਂ ਪੁਲਿਸ ਵਲੋਂ ਮਾਮਲਾ ਹੀ ਦਰਜ ਨਹੀਂ ਕੀਤਾ ਗਿਆ। ਸੂਚਨਾ ਐਕਟ ਦਾ ਸਹਾਰਾ ਲੈ ਕੇ 13-3-2024 ਨੂੰ ਕੇਸ ਨੰਬਰ 50 ਦਰਜ਼ ਕੀਤਾ ਗਿਆ ਤਾਂ ਉਸ ਤੇ ਕੋਈ ਕਾਰਵਾਈ ਨਹੀਂ ਹੋਈ ਅਤੇ ਹੁਣ ਪੁਲਿਸ ਕੋਲੋਂ ਚੋਰਾਂ ਨੂੰ ਫੜੇ ਜਾਣ ਦੀ ਕੋਈ ਉਮੀਦ ਵੀ ਨਹੀਂ ਕੀਤੀ ਜਾ ਸਕਦੀ। ਕਿਉਂਕਿ ਸ਼ਹਿਰ ਅੰਦਰ ਲੋਕ ਸ਼ਰੇਆਮ ਚੋਰੀਆਂ ਕਰ ਰਹੇ ਹਨ। ਪਰ ਪੁਲਿਸ ਮੂਕ ਦਰਸ਼ਕ ਬਣ ਕੇ ਵੇਖ ਰਹੀ ਹੈ। ਜਦੋਂ ਕਿ ਮੇਰੇ ਘਰ ਚੋਰੀ ਹੋਈ ਨੂੰ 5 ਮਹੀਨੇ ਦਾ ਸਮਾਂ ਬੀਤ ਚੁੱਕਿਆ ਹੈ। ਪਰ ਪੁਲਿਸ ਦੇ ਹੱਥ ਕੋਈ ਵੀ ਸੁਰਾਗ ਨਹੀਂ ਲੱਗਿਆ।

ਪੰਜਾਬ ਸਰਕਾਰ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਪੁਲਿਸ ਵਿਭਾਗ ਦੀਆਂ ਬਦਲੀਆਂ ਕਰਨ ਚ ਲੱਗੀ ਹੋਈ ਹੈ।

ਵੀ.ਆਈ.ਪੀ. ਪਾਰਕਿੰਗ ਲਾਗੇ ਚਰਨ ਗੰਗਾ ਦਰਿਆ ਦੇ ਘਾਹ-ਫੂਸ ਨੂੰ ਲੱਗੀ ਅਚਾਨਕ ਅੱਗ

ਸ੍ਰੀ ਅਨੰਦਪੁਰ ਸਾਹਿਬ, 19 ਜੂਨ
-ਸਚਿਨ ਸੋਨੀ/ਰਾਜੂ ਧੀਮਾਨ-
-ਕੌਮੀ ਪੱਤ੍ਰਿਕਾ ਬਿਊਰੋ-

ਇੱਥੋਂ ਦੀ ਵੀ.ਆਈ.ਪੀ. ਪਾਰਕਿੰਗ ਲਾਗੇ ਨਗਰ ਕੌਂਸ਼ਲ ਦਫਤਰ ਦੇ ਪਿੱਛੇ ਚਰਨ ਗੰਗਾ ਦਰਿਆ ਵਿੱਚ ਖੜ੍ਹੇ ਘਾਹ-ਫੂਸ ਨੂੰ ਅਚਾਨਕ ਅੱਗ ਲੱਗ ਗਈ। ਭਾਵੇਂ ਕਿ ਇਸ ਅੱਗ ਨਾਲ ਵੱਡਾ ਨੁਕਸਾਨ ਤਾਂ ਹੋਣ ਤੋਂ ਬਚਾਅ ਹੋ ਗਿਆ।ਪਰੰਤੂ ਵੱਡੀ ਗਿਣਤੀ ਵਿੱਚ ਜੰਗਲੀ ਜੀਵ ਅਤੇ ਹੋਰ ਸੰਪਤੀ ਦਾ ਨੁਕਸਾਨ ਹੋ ਗਿਆ ।ਦੱਸਣਯੋਗ ਹੈ ਕਿ ਚਰਨ ਗੰਗਾ ਦਰਿਆ ਵਿੱਚ ਖੜ੍ਹੇ ਘਾਹ-ਫੂਸ ਦੀ ਅੱਗ ਨੇ ਅਚਾਨਕ ਵਿਕਰਾਲ ਰੂਪ ਧਾਰਨ ਕਰ ਲਿਆ ।ਜਿਸ ਕਾਰਨ ਆਲੇ-ਦੁਆਲੇ ਦੇ ਰਿਹਾਇਸ਼ੀ ਖੇਤਰ ਨੂੰ ਵੀ ਇਸ ਅੱਗ ਦੇ ਸੇਕ ਦਾ ਡਰ ਸਤਾਉਣ ਲੱਗਾ ।ਉਨ੍ਹਾ ਆਪਣੇ ਸਾਧਨਾਂ ਨਾਲ ਅੱਗ ਤੇ ਕਾਬੂ ਪਾਉਣ ਦਾ ਯਤਨ ਸ਼ੁਰੂ ਕਰ ਦਿੱਤਾ ਅਤੇ ਸਥਾਨਕ ਲੋਕਾਂ ਵਲੋਂ ਅੱਗ ਬੁਝਾਉ ਦਸਤੇ ਨੂੰ ਵੀ ਇਸ ਦੀ ਜਾਣਕਾਰੀ ਦਿੱਤੀ ਗਈ। ਤਕਰੀਬਨ ਡੇਢ ਘੰਟੇ ਬਾਅਦ ਨੰਗਲ ਤੋਂ ਅੱਗ ਬੁਝਾਉ ਦਸਤਾ ਪਹੁੰਚਿਆ ਜਿਸ ਤੋਂ ਬਾਅਦ ਲੋਕਾਂ ਨੇ ਸੁੱਖ ਦਾ ਸ਼ਾਹ ਲਿਆ। ਮੌਕੇ ਤੇ ਮੌਜੂਦ ਲੋਕਾਂ ਨੇ ਮੰਗ ਕੀਤੀ ਕਿ ਇਸ ਗਰਮੀਆਂ ਦੀ ਇਹ ਲਗਾਤਾਰ ਚੌਥੀ ਘਟਨਾ ਵਾਪਰ ਗਈ ਹੈ। ਪਰੰਤੂ ਅਫਸੋਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੋਈ ਅੱਗ ਬੁਝਾਉ ਕੇਂਦਰ ਨਹੀ ਹੈ। ਜ਼ੋ ਕਿ ਬਹੁਤ ਮੰਦਭਾਗੀ ਗੱਲ ਹੈ। ਉਹਨਾਂ ਮੰਗ ਕੀਤੀ ਪਹਿਲ ਦੇ ਆਧਾਰ ਤੇ ਸੂਬਾ ਸਰਕਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਗ ਬੁਝਾਉ ਕੇਂਦਰ ਸਥਾਪਤ ਕਰੇ।

ਬਰਨਾਲਾ ਲੋਕ ਸੇਵਾ ਦਲ ਵਲੋਂ 33ਵਾਂ ਵਿਸ਼ਾਲ ਜਾਗਰਣ

ਬਰਨਾਲਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਬਰਨਾਲਾ ਲੋਕ ਸੇਵਾ ਦਲ ਵਲੋਂ ਮੁਹੱਲਾ ਨਿਵਾਸੀਆਂ ਦੇ ਸਹਿਯੋਗ ਨਾਲ 33ਵਾਂ ਵਿਸ਼ਾਲ ਜਾਗਰਣ ਨੇੜੇ ਨਿਰੰਕਾਰੀ ਭਵਨ ਕੱਚਾ ਕਾਲਜ ਰੋਡ ਬਰਨਾਲਾ ਵਿਖੇ ਕਰਵਾਇਆ ਗਿਆ। ਜਾਣਕਾਰੀ ਦਿੰਦਿਆਂ ਸੈਕਟਰੀ ਮੋਹਨ ਲਾਲ ਗੋਇਲ, ਮੈਂਬਰ ਦਿਨੇਸ਼ ਕੁਮਾਰ, ਬਾਲ ਕ੍ਰਿਸ਼ਨ ਬੱਲੀ ਅਤੇ ਸੁਰਿੰਦਰ ਮੋਹਣ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਤਾ ਨੈਣਾਂ ਦੇਵੀ ਵਿਖੇ ਲੰਗਰ ਲਿਜਾਣ ਤੋਂ ਪਹਿਲਾਂ ਇਹ ਜਾਗਰਣ ਕਰਵਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਹ ਲੰਗਰ ਅਗਸਤ ਮਹੀਨੇ ਵਿਚ ਬਰਨਾਲਾ ਤੋਂ ਰਵਾਨਾ ਹੋਵੇਗਾ। ਜੋਤੀ ਪ੍ਰਚੰਡ ਉਪਰੰਤ ਕੰਜਕਾ ਪੂਜਣ ਕੀਤਾ ਗਿਆ ਅਤੇ ਗੁਣਗਾਨ ਮਹਾਂਕਾਲੀ ਸੰਕੀਰਤਨ ਮੰਡਲ ਲਹਿਰਾਗਾਗਾ ਦੇ ਕਲਾਕਾਰਾਂ ਵਲੋਂ ਕੀਤਾ ਗਿਆ।

ਇਸ ਮੌਕੇ ਅੰਤਰਰਾਸ਼ਟਰੀ ਕਥਾਵਾਚਕ ਪੰਡਿਤ ਸੂਰਿਆ ਸ਼ਾਸਤਰੀ, ਪੰਡਿਤ ਅਮਨ ਸ਼ਰਮਾ ਜਲੋਬੀ ਬਾਬਾ, ਪਰਵੀਨ ਕੁਮਾਰ ਬਬਲੀ, ਸਾਬਕਾ ਚੇਅਰਮੈਨ ਮੱਖਣ ਸ਼ਰਮਾ, ਕੌਂਸਲਰ ਦੀਪਿਕਾ ਸ਼ਰਮਾ, ਭੀਮ ਸੈਨ, ਯਾਦਵਿੰਦਰ ਨੀਟੂ, ਯਸ਼ ਕੁਮਾਰ, ਅਸ਼ਵਨੀ ਸੋਨੀ, ਦਵਿੰਦਰ ਕੁਮਾਰ , ਮੋਹਣ ਲਾਲ ਗੋਇਲ, ਵਰਿੰਦਰ ਕੁਮਾਰ, ਸੋਨੂੰ, ਸ਼ੀਤਲ, ਰਾਜੀਵ , ਆਰ ਕੇ ਨੀਟਾ, ਉਮੇਸ਼, ਦਰਸ਼ਨ ਚੀਮਾ, ਰਾਕੇਸ਼ ਅਰੋੜਾ ਆਦਿ ਮੈਂਬਰ ਸਾਹਿਬਾਨ ਹਾਜਰ ਸਨ।

ਪਲੈਸਮੈਂਟ ਕੈਂਪ 19 ਜੂਨ ਨੂੰ

ਅੰਮ੍ਰਿਤਸਰ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਅੰਮ੍ਰਿਤਸਰ ਵਿਖੇ ਮਿਤੀ 19 ਜੂਨ 2024 ਨੂੰ ਪਲੈਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦੀ ਜਾਣਕਾਰੀ ਦਿੰਦੇ ਹੋਏ ਡਿਪਟੀ ਡਾਇਰੈਕਟਰ ਸ਼੍ਰੀਮਤੀ ਨੀਲਮ ਮਹੇ ਅੰਮ੍ਰਿਤਸਰ ਨੇ ਦੱਸਿਆ ਕਿ ਮਿਤੀ 19 ਜੂਨ 2024 ਦਿਨ ਬੁੱਧਵਾਰ ਨੂੰ ਰੋਜਗਾਰ ਕੈਂਪ ਵਿੱਚ ਕੇਅਰ ਹੈਲਥ ਇੰਸ਼ੋਰੈਂਸ, ਐਲ.ਆਈ.ਸੀ ਆਫ ਇੰਡੀਆ, ਮੁਥੂਤ ਫਾਈਨਾਂਸ ਲਿਮਿਟਿਡ ਅਤੇ ਈ ਬੇ ਵਰਗੀਆਂ ਕੰਪਨੀਆਂ ਵੱਲੋਂ ਭਾਗ ਲਿਆ ਜਾਣਾ ਹੈ। ਇਹਨਾਂ ਸਾਰੀਆ ਕੰਪਨੀਆ ਵੱਲੋ ਯੂਨਿਟ ਮੇਨੈਜਰ, ਏਜੰਸੀ ਮੇਨੈਜਰ, ਬ੍ਰਾਂਚ ਹੈਡ, ਕਸਟਮਰ ਕੇਅਰ ਐਗਜੇਕਟਿਵ, ਵੈਬ ਡਵਲਪਰ, ਡਾਟਾ ਐਂਟਰੀ ਆਪਰੈਟਰ, ਅਕਾਉਂਟੈਂਟ, ਹੈਲਪਰ ਆਦਿ ਅਸਾਮੀਆਂ ਲਈ ਚੋਣ ਕੀਤੀ ਜਾਵੇਗੀ।

ਇਹਨਾਂ ਕੰਪਨੀਆਂ ਵੱਲੋਂ 10000/- ਤੋਂ 35000/- ਪ੍ਰਤੀ ਮਹੀਨਾਂ ਤਨਖਾਹ ਦਿੱਤੀ ਜਾਵੇਗੀ। ਰੋਜਗਾਰ ਕੈਂਪ ਦਾ ਸਮਾਂ 9:30 ਤੋਂ ਸ਼ੁਰੂ ਹੋਵੇਗਾ।

ਨਸ਼ਿਆਂ ਦੇ ਪਸਾਰੇ ਲਈ ਪਿਛਲੀਆਂ ਸਰਕਾਰਾਂ ਦੋਸ਼ੀ, ਮੌਜੂਦਾ ਸਰਕਾਰ ਨੇ ਨਸ਼ਿਆਂ ਵਿਰੁੱਧ ਇਮਾਨਦਾਰੀ ਨਾਲ ਕੰਮ ਕੀਤਾ : ਜੌੜਾਮਾਜਰਾ

➢ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਨੇ ਨਸ਼ਾ ਤਸਕਰਾਂ 'ਤੇ ਸਿਕੰਜ਼ਾ ਕਸਿਆ ➢ ਸਬ ਜੂਨੀਅਰ-ਜੂਨੀਅਰ ਮੈਨ ਤੇ ਵੂਮੈਨ ਪਾਵਰ ਲਿਫ਼ਟਿੰਗ ਨੈਸ਼ਨਲ ਚੈਂਪੀਅਨਸ਼ਿਪ ਦਾ ਉਦਘਾਟਨ

ਪਟਿਆਲਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਪੰਜਾਬ ਪਾਵਰ ਲਿਫਟਿੰਗ ਐਸੋਸੀਏਸ਼ਨ ਵੱਲੋਂ ਕਰਵਾਈ ਜਾ ਰਹੀ ਸਬ ਜੂਨੀਅਰ ਤੇ ਜੂਨੀਅਰ ਮੈਨ ਤੇ ਵੂਮੈਨ ਪਾਵਰ ਲਿਫਟਿੰਗ ਨੈਸ਼ਨਲ ਚੈਂਪੀਅਨਸ਼ਿਪ ਦਾ ਉਦਘਾਟਨ ਕੀਤਾ। ਇੱਥੇ ਰਿਕ ਹਾਲ ਵਿਖੇ 28 ਰਾਜਾਂ ਤੋਂ ਪੁੱਜੇ ਕਰੀਬ 450 ਖਿਡਾਰੀਆਂ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਖੇਡ ਭਾਵਨਾ ਨਾਲ ਹਿੱਸਾ ਲੈਣ ਲਈ ਪ੍ਰੇਰਤ ਕਰਦਿਆਂ ਕੈਬਨਿਟ ਮੰਤਰੀ ਨੇ ਪੰਜਾਬ ਪਾਵਰ ਲਿਫਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਦਵਿੰਦਰ ਸਿੰਘ ਮੱਲੀ ਤੇ ਹੋਰ ਅਹੁਦੇਦਾਰਾਂ ਨੂੰ ਇਹ ਚੈਂਪੀਅਨਸ਼ਿਪ ਕਰਵਾਉਣ ਲਈ ਵਧਾਈ ਦਿੱਤੀ।

-ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਪਟਿਆਲਾ ਦੇ ਰਿਕ ਹਾਲ ਵਿਖੇ ਪੰਜਾਬ ਪਾਵਰ ਲਿਫਟਿੰਗ ਐਸੋਸੀਏਸ਼ਨ ਵੱਲੋਂ ਕਰਵਾਈ ਜਾ ਰਹੀ ਪਾਵਰ ਲਿਫ਼ਟਿੰਗ ਸਬ ਜੂਨੀਅਰ ਤੇ ਜੂਨੀਅਰ ਮੈਨ ਤੇ ਵੂਮੈਨ ਨੈਸ਼ਨਲ ਚੈਂਪੀਅਨਸ਼ਿਪ ਦਾ ਉਦਘਾਟਨ ਕਰਦੇ ਹੋਏ।

ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਜਿਨ੍ਹਾਂ ਕੋਲ, ਜਲ ਸਰੋਤ, ਖਨਣ ਤੇ ਭੂ-ਵਿਗਿਆਨ, ਜਲ ਤੇ ਭੂਮੀ ਰੱਖਿਆ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਅਤੇ ਰੱਖਿਆ ਸੇਵਾਵਾਂ ਭਲਾਈ ਬਾਰੇ ਵਿਭਾਗ ਵੀ ਹਨ, ਨੇ ਇਸ ਮੌਕੇ ਦੱਸਿਆ ਕਿ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਵਿਸ਼ੇਸ਼ ਉਪਰਾਲੇ ਕੀਤੇ ਹਨ।

ਚੇਤਨ ਸਿੰਘ ਜੌੜਾਮਾਜਰਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਨਸ਼ਿਆਂ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਕਿਹਾ ਕਿ ਨਸ਼ਿਆਂ ਦੇ ਪਸਾਰੇ ਲਈ ਪਿਛਲੀਆਂ ਸਰਕਾਰਾਂ ਦੋਸ਼ੀ ਹਨ, ਕਿਉਂਕਿ ਪਿਛਲੇ ਸਮੇਂ ਵਿੱਚ ਨਸ਼ਿਆਂ ਵਿਰੁੱਧ ਸਖ਼ਤੀ ਨਾਲ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੌਜੂਦਾ ਪੰਜਾਬ ਸਰਕਾਰ ਨੇ ਇਮਾਨਦਾਰੀ ਨਾਲ ਨਸ਼ਾ ਤਸਕਰਾਂ 'ਤੇ ਸਿਕੰਜ਼ਾ ਕਸਦੇ ਹੋਏ ਕਾਰਵਾਈ ਕੀਤੀ ਹੈ, ਜਿਸ ਦੇ ਸਿੱਟੇ ਬਹੁਤ ਜਲਦ ਸਾਹਮਣੇ ਆਉਣਗੇ।

ਉਨ੍ਹਾਂ ਕਿਹਾ ਕਿ ਨਸ਼ੇ ਦੀ ਲਤ ਦੇ ਸ਼ਿਕਾਰ ਨੌਜਵਾਨਾਂ ਦਾ ਨਸ਼ਾ ਛੁਡਾਉਣ ਲਈ ਗੰਭੀਰ ਉਪਰਾਲੇ ਕੀਤੇ ਜਾ ਰਹੇ ਹਨ ਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਜਾਰੀ ਹੈ।

ਕੈਬਨਿਟ ਮੰਤਰੀ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਖੇਡਾਂ ਤੇ ਖਿਡਾਰੀਆਂ ਨੂੰ ਪ੍ਰਫੁਲਤ ਕਰਨ ਲਈ ਲਈ ਵਿਸ਼ੇਸ਼ ਬਜਟ ਰੱਖਿਆ ਹੈ ਅਤੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟਣ ਵਾਲੇ ਖਿਡਾਰੀਆਂ ਨੂੰ ਨਗ਼ਦ ਇਨਾਮ ਦੇਣ ਦੇ ਨਾਲ-ਨਾਲ ਸਰਕਾਰੀ ਨੌਕਰੀਆਂ ਵੀ ਪ੍ਰਦਾਨ ਕੀਤੀਆਂ ਹਨ। ਇਸ ਤੋਂ ਇਲਾਵਾ ਖੇਡਾਂ ਵਤਨ ਪੰਜਾਬ ਦੀਆਂ ਕਰਵਾਉਣ ਸਮੇਤ ਖੇਡ ਨਰਸਰੀਆਂ ਖੋਲ੍ਹੀਆਂ ਜਾ ਰਹੀਆਂ ਹਨ। ਪੰਜਾਬ ਪਾਵਰ ਲਿਫਟਿੰਗ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਦਵਿੰਦਰ ਸਿੰਘ ਮੱਲ੍ਹੀ ਨੇ ਦੱਸਿਆ ਕਿ 21 ਜੂਨ ਤੱਕ ਕਰਵਾਈ ਜਾਣ ਵਾਲੀ ਚੈਂਪੀਨਸ਼ਿਪ ਦੌਰਾਨ ਇਕੁਇਪਡ ਮੁਕਾਬਲਿਆਂ 'ਚ ਸੁਕੈਡ, ਬੈਂਚ ਪ੍ਰੈਸ ਤੇ ਡੈਡ ਲਿਫ਼ਟ ਮੁਕਾਬਲੇ ਸ਼ਾਮਲ ਹਨ ਅਤੇ ਜੇਤੂਆਂ ਨੂੰ ਇਨਾਮ ਦਿੱਤੇ ਜਾਣਗੇ।

ਇਸ ਮੌਕੇ ਆਲ ਇੰਡੀਆ ਪਾਵਰ ਲਿਫਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਸਤੀਸ਼ ਕੁਮਾਰ, ਜਨਰਲ ਸਕੱਤਰ ਅਰਜਨਾ ਅਵਾਰਡੀ ਪੀ.ਜੇ. ਜੌਸਫ਼, ਪੀ.ਏ. ਸੁਰਜੀਤ ਸਿੰਘ ਫ਼ੌਜੀ, ਗੁਰਿੰਦਰਪਾਲ ਸਿੰਘ, ਨਿਰਮਲ ਸਿੰਘ ਬਾਊ, ਰਸ਼ਪਾਲ ਸਿੰਘ, ਪ੍ਰੇਮ ਕੁਮਾਰ ਪ੍ਰੇਮੀ, ਕਰਮਜੀਤ ਸਿੰਘ ਸਾਹੀ, ਹਰਕੀਰਤ ਸਿੰਘ ਲਵਲੀ, ਮਹਿੰਦਰਪਾਲ ਸਿੰਘ, ਰਸ਼ਪਾਲ ਸਿੰਘ ਸਮੇਤ ਜਿਊਰੀ ਮੈਂਬਰ, ਰੈਫ਼ਰੀ, ਕੋਚ, ਸਕੱਤਰ ਤੇ 28 ਰਾਜਾਂ ਤੋਂ 450 ਦੇ ਕਰੀਬ ਪਾਵਰ ਲਿਫਟਰ ਖਿਡਾਰੀ ਮੌਜੂਦ ਸਨ।

ਡਾ: ਅਜੇ

ਸੰਪਾਦਕੀ

ਜੀ7 ਸਿਖ਼ਰ ਸੰਮੇਲਨ

ਇਟਲੀ ਵਿੱਚ ਹੋਏ ਜੀ-7 ਸਿਖ਼ਰ ਸੰਮੇਲਨ ਨੇ ਦਰਸਾਇਆ ਹੈ ਕਿ ਭਾਰਤ ਇਸ ਕੁਲੀਨ ਸਮੂਹ ਦੇ ਘੇਰੇ 'ਚ ਇੱਕ ਮਹੱਤਵਪੂਰਨ ਖਿਡਾਰੀ ਦੀ ਭੂਮਿਕਾ ਵਿੱਚ ਬਰਕਰਾਰ ਹੈ। ਸੰਮੇਲਨ ਵਿੱਚ ਸੱਤ ਮੈਂਬਰ ਮੁਲਕਾਂ- ਅਮਰੀਕਾ, ਬਰਤਾਨੀਆ, ਕੈਨੇਡਾ, ਜਰਮਨੀ, ਇਟਲੀ, ਜਾਪਾਨ, ਫਰਾਂਸ ਅਤੇ ਨਾਲ ਹੀ ਯੂਰਪੀਅਨ ਯੂਨੀਅਨ ਨੇ ਹਿੱਸਾ ਲਿਆ ਜਦੋਂਕਿ ਭਾਰਤ ਇੱਕ 'ਆਊਟਰੀਚ' ਮੁਲਕ ਵਜੋਂ ਹਾਜ਼ਰ ਸੀ। ਇਸ ਵੱਡੇ ਮੰਚ 'ਤੇ ਆਪਣੇ ਭਾਸ਼ਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਗਲੋਬਲ ਸਾਊਥ ਦੇ ਦੇਸ਼ਾਂ ਨੂੰ ਅਸਥਿਰਤਾ ਤੇ ਤਣਾਅ ਦੀ ਮਾਰ ਪੈ ਰਹੀ ਹੈ। ਭਾਰਤ ਦੇ ਪਿਛਲੇ ਸਾਲ ਦੇ ਜੀ-20 ਪ੍ਰਧਾਨਗੀ ਕਾਰਜਕਾਲ ਦੇ ਰੁਖ਼ ਨੂੰ ਦੁਹਰਾਉਂਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਨੇ ਵਿਕਾਸਸ਼ੀਲ ਮੁਲਕਾਂ ਦੀਆਂ ਚਿੰਤਾਵਾਂ ਅਤੇ ਤਰਜੀਹਾਂ ਨੂੰ ਆਲਮੀ ਮੰਚ ਉੱਤੇ ਉਭਾਰਨ ਦੀ ਜ਼ਿੰਮੇਵਾਰੀ ਨਿਭਾਈ ਸੀ।

ਮੋਦੀ ਦੇ ਪ੍ਰਗਟਾਵੇ 'ਤੇ ਜਰਮਨੀ ਦੇ ਚਾਂਸਲਰ ਓਲਫ਼ ਸ਼ੁਲਜ਼ ਨੇ ਜ਼ੋਰ ਦੇ ਕੇ ਕਿਹਾ ਕਿ ਜੀ-7 ਕੋਈ 'ਉਚੇਚਾ ਕਲੱਬ' ਨਹੀਂ ਹੈ। ਸ਼ੁਲਜ਼ ਨੇ ਕਿਹਾ, 'ਅਸੀਂ ਇੱਕ ਅਜਿਹੀ ਭਾਈਵਾਲੀ ਚਾਹੁੰਦੇ ਹਾਂ ਜਿਸ ਤੋਂ ਸਾਰਿਆਂ ਨੂੰ ਲਾਭ ਹੋਵੇ', ਭਾਵੇਂ ਕਿ ਇਹ ਸੁਭਾਵਿਕ ਹੈ ਕਿ ਅਜਿਹਾ ਕਰਨ ਨਾਲੋਂ ਕਹਿਣਾ ਸੌਖਾ ਹੈ। ਜਦੋਂਕਿ ਜ਼ਮੀਨੀ ਹਕੀਕਤ ਇਹ ਹੈ ਕਿ ਸੱਤਾਂ ਮੁਲਕਾਂ ਦੇ ਇਸ ਗਰੁੱਪ ਨੇ ਚੀਨ ਪ੍ਰਤੀ ਜੁਝਾਰੂ ਪਹੁੰਚ ਅਪਣਾਉਣ 'ਚ ਝਿਜਕ ਦਿਖਾਈ ਹੈ। ਸੰਮੇਲਨ 'ਚ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਜੀ-7 ਚੀਨ ਨੂੰ ਨੁਕਸਾਨ ਪਹੁੰਚਾਉਣ ਜਾਂ ਇਸ ਦੀ ਆਰਥਿਕ ਤਰੱਕੀ ਨੂੰ ਠੱਲ੍ਹਣ ਦੀ ਕੋਸ਼ਿਸ਼ ਨਹੀਂ ਕਰ ਰਿਹਾ; ਬਲਕਿ ਇਹ ਚੀਨ ਨਾਲ 'ਉਸਾਰੂ ਤੇ ਸਥਿਰ' ਰਿਸ਼ਤੇ ਚਾਹੁੰਦਾ ਹੈ। ਬਿਆਨ 'ਚ 'ਵਖ਼ਰੇਵੇਂ ਦੂਰ ਕਰਨ ਤੇ ਫ਼ਿਕਰ ਸਾਂਝੇ ਕਰਨ ਲਈ ਸਿੱਧੇ-ਸਪੱਸ਼ਟਵਾਦੀ ਰਾਬਤੇ ਦੀ ਅਹਿਮੀਅਤ' ਨੂੰ ਮਹੱਤਵਪੂਰਨ ਗਰਦਾਨਿਆ ਗਿਆ ਹੈ। ਜੀ-7 ਵੱਲੋਂ ਟਕਰਾਅ ਦੀ ਥਾਂ ਸਹਿਯੋਗ ਉੱਤੇ ਜ਼ੋਰ ਦੇਣ ਤੋਂ ਸਾਫ਼ ਹੁੰਦਾ ਹੈ ਕਿ ਚੀਨ ਕੌਮਾਂਤਰੀ ਭਾਈਚਾਰੇ ਲਈ ਕਿੰਨਾ ਜ਼ਰੂਰੀ ਹੈ।

ਪ੍ਰਧਾਨ ਮੰਤਰੀ ਮੋਦੀ ਵੱਲੋਂ ਤੀਜੇ ਕਾਰਜਕਾਲ ਲਈ ਅਹੁਦਾ ਸੰਭਾਲਣ ਤੋਂ ਕੁਝ ਦਿਨਾਂ ਬਾਅਦ ਆਲਮੀ ਆਗੂਆਂ ਨਾਲ ਉਨ੍ਹਾਂ ਦੀ ਮੁਲਾਕਾਤ ਤੋਂ ਇਲਾਵਾ ਜੀ-7 'ਚੋਂ ਭਾਰਤ ਦੀ ਸਭ ਤੋਂ ਵੱਡੀ ਉਪਲੱਬਧੀ ਇਹ ਹੈ ਕਿ ਸੱਤ ਮੁਲਕਾਂ ਦੇ ਸਮੂਹ ਨੇ ਦੇਸ਼ ਦੇ ਢਾਂਚਾ ਉਸਾਰੀ ਪ੍ਰਾਜੈਕਟਾਂ ਨੂੰ ਉਤਸ਼ਾਹਿਤ ਕਰਨ ਪ੍ਰਤੀ ਵਚਨਬੱਧਤਾ ਜ਼ਾਹਿਰ ਕੀਤੀ ਹੈ। ਸਮੂਹ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਆਲਮੀ ਬੁਨਿਆਦੀ ਢਾਂਚੇ ਅਤੇ ਨਿਵੇਸ਼ ਲਈ ਯਤਨ ਕੀਤੇ ਜਾਣਗੇ। ਆਪਸੀ ਭਾਈਵਾਲੀ ਦੀ ਮਜ਼ਬੂਤੀ ਲਈ ਕੰਮ ਕੀਤਾ ਜਾਵੇਗਾ ਅਤੇ ਅਹਿਮ ਪ੍ਰਾਜੈਕਟਾਂ ਤੇ ਸਾਂਝੀਆਂ ਮੁਹਿੰਮਾਂ ਨੂੰ ਹੱਲਾਸ਼ੇਰੀ ਦਿੱਤੀ ਜਾਵੇਗੀ। ਇਨ੍ਹਾਂ ਪ੍ਰਾਜੈਕਟਾਂ 'ਚ ਭਾਰਤ-ਮੱਧ ਪੂਰਬ-ਯੂਰਪ ਆਰਥਿਕ ਲਾਂਘਾ ਵੀ ਸ਼ਾਮਿਲ ਹੈ ਜਿਸ ਦਾ ਮੰਤਵ ਏਸ਼ੀਆ, ਪੱਛਮੀ ਏਸ਼ੀਆ ਅਤੇ ਪੱਛਮ ਦਰਮਿਆਨ ਸਾਂਝ ਕਾਇਮ ਕਰਨਾ ਵੀ ਹੈ। ਇਸ ਚੁਣੌਤੀਪੂਰਨ ਪ੍ਰਾਜੈਕਟ ਤਹਿਤ ਵਿਆਪਕ ਸੜਕੀ, ਰੇਲ ਢਾਂਚਾ ਅਤੇ ਸ਼ਿਪਿੰਗ ਨੈੱਟਵਰਕ ਉਸਾਰ ਕੇ ਏਸ਼ੀਆ ਨੂੰ ਪੱਛਮ ਨਾਲ ਜੋੜਿਆ ਜਾਣਾ ਹੈ। ਇਸ ਨੂੰ ਭਾਰਤ ਵੱਲੋਂ ਚੀਨ ਦੇ ਬਹੁ-ਪੱਖੀ, ਬਹੁ-ਮੰਤਵੀ ਬੈਲਟ ਤੇ ਰੋਡ ਉੱਦਮ ਦਾ ਜਵਾਬ ਦੱਸਿਆ ਜਾ ਰਿਹਾ ਹੈ। ਹਾਲਾਂਕਿ ਪੱਛਮੀ ਏਸ਼ੀਆ 'ਚ ਜਾਰੀ ਹਲਚਲ ਕਾਰਨ ਇਸ ਪ੍ਰਾਜੈਕਟ ਦੀ ਹੋਣੀ ਤੈਅ ਨਹੀਂ ਹੈ।

ਗਲਵਾਨ ਝੜਪ ਦੇ ਚਾਰ ਸਾਲ

ਭਾਰਤ ਤੇ ਚੀਨ ਦੀਆਂ ਸੈਨਾਵਾਂ ਨੂੰ ਗਲਵਾਨ 'ਚ ਆਹਮੋ-ਸਾਹਮਣੇ ਹੋਇਆਂ ਚਾਰ ਸਾਲ ਬੀਤ ਚੁੱਕੇ ਹਨ ਪਰ ਪੰਜ ਦਹਾਕਿਆਂ 'ਚ ਪਹਿਲੀ ਵਾਰ ਹੋਈ ਅਜਿਹੀ ਝੜਪ ਦਾ ਪਰਛਾਵਾਂ ਅਜੇ ਵੀ ਦੋਵਾਂ ਮੁਲਕਾਂ ਦੇ ਰਣਨੀਤਕ ਸਬੰਧਾਂ 'ਤੇ ਹੈ ਅਤੇ ਇਨ੍ਹਾਂ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਵੀ ਕਰ ਰਿਹਾ ਹੈ। ਪੂਰਬੀ ਲੱਦਾਖ 'ਚ 15 ਜੂਨ, 2020 ਨੂੰ ਹੋਈ ਸਿੱਧੀ ਝੜਪ 'ਚ ਭਾਰਤ ਦੇ 20 ਫ਼ੌਜੀ ਜਵਾਨ ਸ਼ਹੀਦ ਹੋ ਗਏ ਸਨ। ਜਦੋਂਕਿ ਪੇਈਚਿੰਗ ਨੇ ਕਿਹਾ ਸੀ ਕਿ ਇਸ ਦੇ ਸਿਰਫ਼ ਚਾਰ ਸੈਨਿਕਾਂ ਨੇ ਜਾਨ ਗੁਆਈ ਹੈ। ਹਾਲਾਂਕਿ ਪੱਛਮੀ ਖੋਜੀਆਂ ਮੁਤਾਬਿਕ ਇਸ ਸਿੱਧੀ ਟੱਕਰ ਵਿੱਚ ਚੀਨ ਦੇ 40 ਸੈਨਿਕ ਜਾਨ ਤੋਂ ਹੱਥ ਧੋ ਬੈਠੇ ਸਨ। ਸਰਹੱਦ 'ਤੇ ਬਣੇ ਜਮੂਦ, ਖ਼ਾਸ ਤੌਰ 'ਤੇ ਸੰਵੇਦਨਸ਼ੀਲ ਇਲਾਕਿਆਂ 'ਚ ਉਪਜੇ ਟਕਰਾਅ ਦਾ ਹੱਲ ਹਾਲੇ ਤੱਕ ਨਹੀਂ ਨਿਕਲ ਸਕਿਆ ਹੈ ਤੇ ਸਰਹੱਦੀ ਵਿਵਾਦ ਕਾਇਮ ਹੈ। ਲੜੀਵਾਰ ਸੈਨਿਕ ਤੇ ਕੂਟਨੀਤਕ ਰਾਬਤਿਆਂ 'ਚੋਂ ਵੀ ਜ਼ਿਆਦਾ ਕੁਝ ਨਹੀਂ ਨਿਕਲ ਸਕਿਆ ਹੈ। ਹੁਣ ਅਜਿਹੀ ਧਾਰਨਾ ਬਣਦੀ ਜਾ ਰਹੀ ਹੈ ਕਿ ਦੋਵੇਂ ਪਾਸੇ ਫ਼ੌਜੀ ਤਾਇਨਾਤੀ ਸਥਾਈ ਤੌਰ 'ਤੇ ਰਹਿਣ ਵਾਲੀ ਹੈ। ਚੀਨ ਵੱਲੋਂ ਨਿਰੰਤਰ ਹਮਲਾਵਰ ਪਹੁੰਚ ਰੱਖਣ ਦੇ ਮੱਦੇਨਜ਼ਰ ਭਾਰਤ ਨੇ ਚੁਣੌਤੀ ਦਾ ਟਾਕਰਾ ਕਰਨ ਲਈ ਭਾਰੇ ਹਥਿਆਰ ਤਾਇਨਾਤ ਕੀਤੇ ਹਨ; ਪੂਰੀ ਅਸਲ ਕੰਟਰੋਲ ਰੇਖਾ ਦੇ ਨਾਲ ਜ਼ਮੀਨੀ ਤੇ ਹਵਾਈ ਸੰਪਰਕ ਵਿੱਚ ਵਾਧਾ ਦੇਖਿਆ ਗਿਆ ਹੈ। ਭਰੋਸੇ 'ਚ ਹੋਰ ਕਮੀ ਆਈ ਹੈ ਜਦੋਂਕਿ ਇਸ 'ਚ ਕਿਸੇ ਦਾ ਵੀ ਲਾਭ ਨਹੀਂ ਹੈ।

ਪੇਈਚਿੰਗ ਵੱਲੋਂ ਸਰਹੱਦੀ ਵਿਵਾਦ ਤੋਂ ਪਾਸੇ ਰਿਸ਼ਤੇ ਸੁਖਾਵੇਂ ਬਣਾਉਣ ਦੇ ਦਿੱਤੇ ਸੱਦੇ ਦੇ ਜਵਾਬ 'ਚ ਨਵੀਂ ਦਿੱਲੀ ਨੇ ਆਪਣਾ ਰੁਖ਼ ਕਾਇਮ ਰੱਖਦਿਆਂ ਕਿਹਾ ਹੈ ਕਿ ਸਰਹੱਦ ਦੇ ਨਾਲ ਅਪਰੈਲ 2020 ਤੋਂ ਪਹਿਲਾਂ ਵਾਲੀ ਸਥਿਤੀ ਬਹਾਲ ਕੀਤੇ ਬਿਨਾਂ ਰਿਸ਼ਤੇ ਆਮ ਨਹੀਂ ਹੋ ਸਕਦੇ। ਕੀ ਅੱਗੇ ਵਧਣ ਦਾ ਕੋਈ ਰਾਹ ਹੈ? ਇਸ ਤਰ੍ਹਾਂ ਦੇ ਸਖ਼ਤ ਰੁਖ਼ ਵਿਚਾਲੇ ਇਹ ਕਲਪਨਾ ਕਰਨਾ ਮੁਸ਼ਕਿਲ ਹੈ ਕਿ ਪੇਈਚਿੰਗ ਆਪਣੇ ਲੜਾਕੂ ਪੈਂਤੜੇ ਤੇ ਬਿਆਨਬਾਜ਼ੀ ਨੂੰ ਮੱਧਮ ਕਰੇਗਾ। ਸਰਹੱਦੀ ਤਣਾਅ ਕਾਰਨ ਅਹਿਮ ਖੇਤਰੀ ਤੇ ਆਲਮੀ ਮੁੱਦਿਆਂ 'ਤੇ ਉਸਾਰੂ ਸੰਵਾਦ ਦੀ ਵੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਭਾਰਤ ਕੋਲ ਸੀਮਤ ਬਦਲ ਹਨ। ਇਸ ਨੂੰ ਆਪਣੀ ਰੱਖਿਆ ਕਤਾਰ ਮਜ਼ਬੂਤ ਕਰਨ, ਚੀਨੀ ਦਰਾਮਦ 'ਤੇ ਨਿਰਭਰਤਾ ਘਟਾਉਣ ਅਤੇ ਆਪਣੀ ਡਿਜੀਟਲ ਖ਼ੁਦਮੁਖਤਿਆਰੀ ਦੀ ਰਾਖੀ ਕਰਨ ਦੇ ਰਾਹ ਉਤੇ ਤੁਰਦੇ ਰਹਿਣਾ ਪਏਗਾ।

ਚੀਨ ਵੱਲੋਂ 18 ਮਹੀਨਿਆਂ ਬਾਅਦ ਨਵੀਂ ਦਿੱਲੀ 'ਚ ਕੀਤੀ ਰਾਜਦੂਤ ਦੀ ਨਿਯੁਕਤੀ ਸੁਝਾਉਂਦੀ ਹੈ ਕਿ ਗੁਆਂਢੀ ਮੁਲਕ ਤਣਾਅ ਘੱਟ ਕਰਨ ਲਈ ਸ਼ਾਇਦ ਨਵੀਂ ਸ਼ੁਰੂਆਤ ਦੀ ਸੰਭਾਵਨਾ ਤਲਾਸ਼ਣ ਦਾ ਚਾਹਵਾਨ ਹੈ। ਪਰ ਤਜਰਬਾ ਕਹਿੰਦਾ ਹੈ ਕਿ ਭਾਰਤ ਕਿਸੇ ਵੀ ਕੀਮਤ 'ਤੇ ਚੌਕਸੀ 'ਚ ਢਿੱਲ ਨਹੀਂ ਵਰਤ ਸਕਦਾ।

ਜੰਮੂ ਕਸ਼ਮੀਰ 'ਚ ਅਤਿਵਾਦੀ ਹਮਲੇ

ਜੰਮੂ ਕਸ਼ਮੀਰ ਵਿੱਚ ਉਪਰੋਥਲੀ ਅਤਿਵਾਦੀ ਹਮਲੇ ਹੋਣ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਧਿਕਾਰੀਆਂ ਨੂੰ ਇਹ ਕਹਿਣਾ ਪਿਆ ਹੈ ਕਿ ਦਹਿਸ਼ਤਵਾਦ ਵਿਰੋਧੀ ਸਮੱਰਥਾਵਾਂ ਨੂੰ ਪੂਰੀ ਤਰ੍ਹਾਂ ਅਮਲ ਵਿੱਚ ਲਿਆਂਦਾ ਜਾਵੇ। ਪਿਛਲੇ ਇੱਕ ਹਫ਼ਤੇ ਦੇ ਅੰਦਰ-ਅੰਦਰ ਅਤਿਵਾਦੀਆਂ ਨੇ ਰਿਆਸੀ, ਕਠੂਆ ਅਤੇ ਡੋਡਾ ਜ਼ਿਲ੍ਹਿਆਂ ਵਿੱਚ ਹਮਲੇ ਕੀਤੇ ਹਨ ਜਿਨ੍ਹਾਂ ਵਿੱਚ ਇੱਕ ਸੀਆਰਪੀਐੱਫ ਜਵਾਨ ਅਤੇ ਨੌ ਆਮ ਲੋਕਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਰਿਆਸੀ ਵਿੱਚ ਹੋਈ ਵਾਰਦਾਤ ਵਿੱਚ ਬੰਦੂਕਧਾਰੀਆਂ ਨੇ ਐਤਵਾਰ ਨੂੰ ਮਾਤਾ ਵੈਸ਼ਨੋ ਦੇਵੀ ਮੰਦਰ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਬੱਸ ਉਪਰ ਫਾਇਰਿੰਗ ਕੀਤੀ ਸੀ। ਉਸੇ ਦਿਨ ਕੇਂਦਰ ਵਿੱਚ ਨਵੀਂ ਸਰਕਾਰ ਦਾ ਸਹੁੰ ਚੁੱਕ ਸਮਾਗਮ ਚੱਲ ਰਿਹਾ ਸੀ। ਜੰਮੂ ਕਸ਼ਮੀਰ ਵਿੱਚ ਸੁਰੱਖਿਆ ਦੇ ਲਿਹਾਜ਼ ਤੋਂ ਚਿੰਤਾਜਨਕ ਹਾਲਾਤ ਬਣੇ ਹੋਏ ਹਨ ਜੋ ਕਿ ਕੇਂਦਰ ਸਰਕਾਰ ਲਈ ਵੱਡੀ ਚੁਣੌਤੀ ਬਣੇ ਹੋਏ ਹਨ। ਕੇਂਦਰ ਸਰਕਾਰ ਵੱਲੋਂ ਇਸ ਸਾਲ ਦੇ ਅੰਤ ਤੱਕ ਜੰਮੂ ਕਸ਼ਮੀਰ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਕਰਾਉਣ ਦੀ ਯੋਜਨਾ ਹੈ। ਮੋਦੀ ਸਰਕਾਰ ਨੇ 2019 ਵਿੱਚ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਖਤਮ ਕਰ ਕੇ ਇਸ ਨੂੰ ਦੋ ਕੇਂਦਰ ਸ਼ਾਸਿਤ ਇਕਾਈਆਂ ਵਿੱਚ ਤਬਦੀਲ ਕਰ ਦਿੱਤਾ ਸੀ। ਸਰਕਾਰ ਨੇ ਸੁਪਰੀਮ ਕੋਰਟ ਸਾਹਮਣੇ ਇਹ ਵਾਅਦਾ ਕੀਤਾ ਸੀ ਕਿ ਉਹ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰੇਗੀ ਅਤੇ ਇਸ ਦੇ ਨਾਲ ਹੀ ਇਸ ਇਲਾਕੇ 'ਚੋਂ ਹਥਿਆਰਬੰਦ ਦਸਤਿਆਂ ਦੇ ਵਿਸ਼ੇਸ਼ ਅਧਿਕਾਰਾਂ ਬਾਰੇ ਕਾਨੂੰਨ (ਅਫਸਪਾ) ਉੱਪਰ ਵੀ ਮੁੜ ਵਿਚਾਰ ਕਰੇਗੀ।

ਹਾਲ ਹੀ ਵਿੱਚ ਕਸ਼ਮੀਰ ਵਿੱਚ ਲੋਕ ਸਭਾ ਦੀਆਂ ਚੋਣਾਂ ਵਿੱਚ ਹੋਏ ਭਰਵੇਂ ਮਤਦਾਨ ਤੋਂ ਇਹ ਸਾਫ਼ ਸੰਦੇਸ਼ ਗਿਆ ਸੀ ਕਿ ਗੜਬੜਜ਼ਦਾ ਕਸ਼ਮੀਰ ਵਾਦੀ ਦੇ ਲੋਕਾਂ ਦਾ ਲੋਕਰਾਜੀ ਪ੍ਰਕਿਰਿਆ ਵਿੱਚ ਭਰੋਸਾ ਬਣਿਆ ਹੋਇਆ ਹੈ। ਉਂਝ, ਦਹਿਸ਼ਤਗਰਦ ਅਤੇ ਉਨ੍ਹਾਂ ਦੇ ਆਕਾ ਇਸ ਸੰਦੇਸ਼ ਦੀ ਵੁੱਕਤ ਘਟਾਉਣ ਲਈ ਹਿੰਸਾ ਦਾ ਚੱਕਰ ਤੇਜ਼ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਪਾਕਿਸਤਾਨ 'ਤੇ ਆਪਣੇ 'ਭਾੜੇ ਦੇ ਸੈਨਿਕਾਂ' ਰਾਹੀਂ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਸ਼ਾਂਤੀ ਭੰਗ ਕਰਨ ਦਾ ਦੋਸ਼ ਲਾਉਂਦਿਆਂ ਜੰਮੂ ਕਸ਼ਮੀਰ ਦੇ ਡੀਜੀਪੀ ਆਰਆਰ ਸਵੈਨ ਨੇ ਸਪੱਸ਼ਟ ਕੀਤਾ ਹੈ ਕਿ ਦੇਸ਼ ਦੇ ਸੁਰੱਖਿਆ ਬਲ ਦੁਸ਼ਮਣ ਨੂੰ ਮੂੰਹ-ਤੋੜ ਜਵਾਬ ਦੇਣਗੇ। ਉਨ੍ਹਾਂ ਦੁਸ਼ਮਣ ਗੁਆਂਢੀ ਦੇ ਮੁਕਾਮੀ ਏਜੰਟਾਂ ਨੂੰ ਵੀ ਦਹਿਸ਼ਤਗਰਦਾਂ ਦਾ ਸਾਥ ਨਾ ਦੇਣ ਦੀ ਚਿਤਾਵਨੀ ਦਿੱਤੀ ਹੈ। ਸਥਾਨਕ ਪੱਧਰ 'ਤੇ ਮਿਲਦੀ ਇਸ ਮਦਦ ਆਸਰੇ ਹੀ ਘੁਸਪੈਠੀਏ ਸਰਹੱਦ ਲੰਘ ਕੇ ਆਰਾਮ ਨਾਲ ਦਹਿਸ਼ਤੀ ਹਮਲਿਆਂ ਨੂੰ ਅੰਜਾਮ ਦਿੰਦੇ ਹਨ।

ਇਨ੍ਹਾਂ ਹਮਲਿਆਂ ਵਿਚਕਾਰ ਹੀ ਕੌਮੀ ਸੁਰੱਖਿਆ ਸਲਾਹਕਾਰ ਵਜੋਂ ਅਜੀਤ ਡੋਵਾਲ ਦੀ ਮੁੜ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਦੋ ਵੱਡੇ ਅਤਿਵਾਦ ਵਿਰੋਧੀ ਅਪਰੇਸ਼ਨਾਂ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ - ਜਿਨ੍ਹਾਂ 'ਚ 2016 ਦੇ ਉੜੀ ਹਮਲੇ ਤੋਂ ਬਾਅਦ ਮਕਬੂਜ਼ਾ ਕਸ਼ਮੀਰ 'ਚ ਕੀਤੀ ਗਈ ਸਰਜੀਕਲ ਸਟ੍ਰਾਈਕ ਅਤੇ 2019 ਦੇ ਪੁਲਵਾਮਾ ਆਤਮਘਾਤੀ ਬੰਬ ਧਮਾਕੇ ਮਗਰੋਂ ਕੀਤੇ ਗਏ ਬਾਲਾਕੋਟ ਹਵਾਈ ਹਮਲੇ ਸ਼ਾਮਿਲ ਹਨ। ਵਰਤਮਾਨ ਸਥਿਤੀ ਨਾਲ ਸਖ਼ਤੀ ਤੇ ਤਾਕਤ ਨਾਲ ਨਜਿੱਠਣ ਲਈ ਪ੍ਰਧਾਨ ਮੰਤਰੀ ਦੀ ਮਦਦ ਕਰਨ ਵਾਸਤੇ ਡੋਵਾਲ ਨੂੰ ਸੱਦਿਆ ਜਾਵੇਗਾ। ਸਾਰੀਆਂ ਨਜ਼ਰਾਂ ਭਾਰਤ ਦੇ ਫੌਜੀ ਤੇ ਕੂਟਨੀਤਕ ਜਵਾਬ ਉੱਤੇ ਟਿਕੀਆਂ ਹੋਣਗੀਆਂ।

ਫ਼ਸਲਾਂ ਦੀ ਸਰਕਾਰੀ ਖਰੀਦ ਤੇ ਖੇਤੀ ਆਧਾਰਤ ਸਨਅਤਾਂ

ਡਾ. ਸ.ਸ. ਛੀਨਾ

ਉੱਘੇ ਅਰਥ ਸ਼ਾਸਤਰੀ ਡਾ. ?ਕੇ.ਐਨ. ਰਾਜ, ਜਿਹੜੇ ਲੰਮਾ ਸਮਾਂ ਯੋਜਨਾ ਕਮਿਸ਼ਨ ਦੀਆਂ ਨੀਤੀਆਂ ਨਾਲ ਸਬੰਧਤ ਰਹੇ ਅਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਸਲਾਹਕਾਰਾਂ 'ਚ ਮੁੱਖ ਸਨ, ਦੇ ਇਹ ਵਿਚਾਰ ਸਨ ਕਿ ਦੇਸ਼ ਨੂੰ ਉਦਯੋਗਿਕ ਤੌਰ 'ਤੇ ਵਿਕਸਤ ਹੋਣ ਲਈ ਲੋੜੀਂਦੇ ਕੱਚੇ ਮਾਲ ਵਾਸਤੇ ਆਤਮ-ਨਿਰਭਰ ਹੋਣਾ ਚਾਹੀਦਾ ਹੈ। ਕਿਸੇ ਵੇਲੇ ਪੰਜਾਬ, ਜੋ ਖੇਤੀ ਵਿੱਚ ਸਭ ਤੋਂ ਵਿਕਸਤ ਸੂਬਾ ਸੀ ਉਥੇ ਉਦਯੋਗਾਂ 'ਚ ਵੀ ਬਹੁਤ ਅੱਗੇ ਸੀ। 1960 ਤੋਂ ਪਹਿਲਾਂ ਇਸ ਦਾ ਗਰਮ ਕੱਪੜਾ ਵਿਦੇਸ਼ਾਂ ਵਿੱਚ ਜਾ ਕੇ ਵਿਕਦਾ ਸੀ ਭਾਵੇਂ ਕਿ ਉਸ ਲਈ ਉੱਨ ਆਸਟਰੇਲੀਆ ਅਤੇ ਨਿਊਜ਼ੀਲੈਂਡ ਤੋਂ ਮੰਗਵਾਇਆ ਜਾਂਦਾ ਸੀ। ਰੇਸ਼ਮੀ ਕੱਪੜੇ ਦੀਆਂ ਇਕੱਲੇ ਅੰਮ੍ਰਿਤਸਰ ਵਿੱਚ ਹੀ 1200 ਦੇ ਕਰੀਬ ਇਕਾਈਆਂ ਸਨ। ਬਟਾਲਾ, ਗੁਰਾਇਆ ਅਤੇ ਗੋਬਿੰਦਗੜ੍ਹ ਵਿਚ ਮੋਟਰ ਸਪੇਅਰ ਪਾਰਟਸ ਅਤੇ ਮਸ਼ੀਨਾਂ ਬਣ ਕੇ ਦੇਸ਼-ਵਿਦੇਸ਼ ਵਿਚ ਵਿਕਦੀਆਂ ਸਨ ਹਾਲਾਂਕਿ ਇਸ ਲਈ ਵੀ ਕੱਚਾ ਮਾਲ 1200 ਕਿਲੋਮੀਟਰ ਦੀ ਦੂਰੀ ਤੋਂ ਮੰਗਵਾਇਆ ਜਾਂਦਾ ਸੀ ਪਰ 1970 ਤੋਂ ਬਾਅਦ ਪੰਜਾਬ 'ਚੋਂ ਉਦਯੋਗ ਘਟਦੇ ਗਏ ਅਤੇ ਨਵੇਂ ਉਦਯੋਗ ਲੱਗਣ ਦੀ ਰਫ਼ਤਾਰ ਵੀ ਬਹੁਤ ਘਟ ਗਈ। ਹੁਣ ਹਾਲਤ ਇਹ ਹੈ ਕਿ ਇਸ ਦਾ ਗਰਮ ਕੱਪੜਾ, ਰੇਸ਼ਮੀ ਕੱਪੜਾ ਅਤੇ ਮਸ਼ੀਨਾਂ ਦੀਆਂ ਉਦਯੋਗਿਕ ਇਕਾਈਆਂ ਬਿਲਕੁਲ ਬੰਦ ਹੋ ਗਈਆਂ ਹਨ ਅਤੇ ਪੰਜਾਬ ਵਿੱਚ ਫੈਲੀ ਬੇਰੁਜ਼ਗਾਰੀ ਦਾ ਮੁੱਖ ਕਾਰਨ ਇਸ ਦਾ ਉਦਯੋਗਿਕ ਵਿਕਾਸ ਰੁਕ ਜਾਣਾ ਹੈ।

ਪੰਜਾਬ ਵਿੱਚ ਜਿਹੜੀ ਵੀ ਸਰਕਾਰ ਆਈ ਉਸ ਨੇ ਉਦਯੋਗਿਕ ਵਿਕਾਸ ਲਈ ਯਤਨ ਕੀਤੇ। ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਦੀਆਂ ਪੇਸ਼ਕਸ਼ਾਂ ਕੀਤੀਆਂ ਗਈਆਂ ਪਰ ਉਦਯੋਗਿਕ ਵਿਕਾਸ ਵਿਚ ਇੰਨੀ ਵੱਡੀ ਖੜੋਤ ਆ ਗਈ ਹੈ ਕਿ ਇਹ ਜ਼ਰੂਰੀ ਬਣਦਾ ਹੈ ਕਿ ਇਸ ਦੇ ਮੁੱਢਲੇ ਕਾਰਨਾਂ ਦੀ ਪਛਾਣ ਕਰਕੇ ਉਹ ਯਤਨ ਕੀਤੇ ਜਾਣ ਜਿਸ ਨਾਲ ਵਿਕਾਸ ਦੀ ਰੁਕਾਵਟ ਖ਼ਤਮ ਹੋ ਜਾਵੇ। ਹੁਣ ਫਿਰ ਉਸ ਅਰਥ-ਸ਼ਾਸਤਰੀ ਡਾ. ਕੇ.ਐਨ. ਰਾਜ ਦੇ ਉਹ ਸ਼ਬਦ ਯਾਦ

ਆਉਂਦੇ ਹਨ ਕਿ ਉਦਯੋਗਾਂ ਲਈ ਕੱਚੇ ਮਾਲ ਵਾਸਤੇ ਆਤਮ-ਨਿਰਭਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬ ਤੋਂ ਭਾਵੇਂ ਹਰ ਸਾਲ 20 ਹਜ਼ਾਰ ਕਰੋੜ ਰੁਪਏ ਦੇ ਕਰੀਬ

ਕਹਾਣੀ

ਬੁੱਤ ਤਰਾਸ਼

ਕਿਰਪਾਲ ਕਜ਼ਾਕ

ਖੁੱਲ੍ਹੇ ਪਾਠ ਦੀ ਰੋਲ ਤੋਂ ਉੱਠ, ਉਬਾਸੀ ਲੈਂਦੇ ਭਾਈ ਛਾਂਗੇ ਚਾਹ ਦੀ ਤਲਬ ਮਹਿਸੂਸ ਕੀਤੀ। ਦੁੱਧ ਦੇ ਗਜੇ ਲਈ ਕਿੱਲੀਂ ਤੋਂ ਡੋਲੂ ਲਾਹਿਆ ਅਤੇ ਝਕਦਾ ਜਿਹਾ ਪਾਖਰ ਪ੍ਰੇਮੀ ਕੋਲ ਜਾ ਖੜ੍ਹਿਆ।

"ਬੋਲੋ ਜੀ ਵਾਹਿਗੁਰੂ...। ਚਾਹਟੇ ਲਈ ਕਰੋ ਤਿਆਰਾ... ਮੈਂ ਮੁੜਿਆ ਬਸ।"

ਪਾਖਰ ਸਿਹੁੰ ਉੱਠ ਕੇ ਬੈਠ ਗਿਆ। ਉਹ ਨਿਸ਼ਾਨ ਸਾਹਿਬ ਨੇੜਲੀ ਧਰੇਕ ਹੇਠ ਪਿਆ ਸੀ। ਭੁੰਜੇ ਹੀ। ਉਸ ਜਾਂਦੇ ਭਾਈ ਦੀਆਂ ਮੋਟੀਆਂ ਪਿੰਡਲੀਆਂ ਹਕਾਰਤ ਨਾਲ ਦੇਖੀਆਂ। ਜੀ ਕੀਤਾ ਪੁੱਛੇ, ਕਿਹੜਾ ਤਿਆਰਾ ਉਏ। ਸਿੱਧਾ ਕਹੁ ਅੱਗ ਬਾਲ ਚੁੱਲ੍ਹੇ 'ਚ...।

ਉਹਨੇ ਮਨ ਹੀ ਮਨ, 'ਧੰਨ ਧੰਨ ਸਤਗੁਰੂ ਤੇਰਾ ਹੀ ਆਸਰਾ' ਉਚਾਰਿਆ ਅਤੇ ਗੁੱਸੇ ਵਿਚ ਰਿੱਝਦਾ 'ਪਿਆਓਂ' ਨੇੜੇ ਆ ਖੜ੍ਹਿਆ। ਦਿਨ ਕਦੋਂ ਤੂਕਾਲਾਂ ਵਿਚ ਢਲ ਗਿਆ ਸੀ, ਪਤਾ ਹੀ ਨਹੀਂ ਸੀ ਲੱਗਿਆ। ਸਾਮ੍ਹਣੇ ਟੂਟੀਆਂ ਦੀ ਕਤਾਰ ਦੇਖ ਮਨ ਬਹੁਤ ਪਿੱਛੇ ਚਲਿਆ ਗਿਆ। ਗੁਰਦੁਆਰੇ ਵੜਦਿਆਂ ਇਹ ਟੂਟੀਆਂ ਹਰ ਸ਼ਰਧਾਲੂ ਦੇ ਮੱਥੇ ਲਗਦੀਆਂ ਸਨ। ਕੰਧ ਦੀ ਨੁੱਕਰ ਤੇ ਜਿਉਣੇ ਮਿਸਤਰੀ ਨੇ ਪੱਕੀ ਹਿਰਮਚੀ ਨਾਲ ਲਿਖਿਆ ਸੀ, 'ਸੇਵਾ ਕਰਾਈ ਪਾਖਰ ਸਿੰਘ, ਪਤਨੀ ਹਰਦੇਈ ਦੀ ਯਾਦ ਵਿਚ ੫੧੦੦ ਰੁਪਏ।' ਪਤਾ ਨਹੀਂ ਕਿਉਂ ਉਹਨੂੰ ਇਹ ਲਿਖਿਆ, ਹਮੇਸ਼ ਵਾਂਗ ਬੁਰਾ ਲੱਗਾ। ਪਤਨੀ ਦੀ ਮੌਤ ਵੇਲੇ ਉਹ ਇਹ ਮਾਇਆ ਸੱਚੇ ਸੋਦੇ ਭੇਟਾ ਕਰਨ ਦਾ ਇਛੁੱਕ ਸੀ। ਜੈਮਲ ਹੀ ਅੜ ਗਿਆ। ਸਾਡੀ ਮਾਂ, ਸਾਡਾ ਪਿੰਡ, ਸਰਸੇ ਵਾਲਾ ਕੀ ਦੱਸਣ ਆਊ ਪਿੰਡ ਨੂੰ? ਅੱਜ ਦੁਨੀਆਂ ਪੜ੍ਹਦੀ ਐ।

ਪੜ੍ਹੇ ਜਾਣ ਦੇ ਖਿਆਲ ਨਾਲ ਹੀ ਉਹ ਗੁਰਦੁਆਰੇ ਆਇਆ ਸੀ। ਜੈਮਲ ਨਾਲ ਤੂੰ ਤੂੰ ਮਗਰੋਂ, ਉਹ ਸਿੱਧਾ ਸਤਸੰਗ ਘਰ ਨੂੰ ਹੋ ਤੁਰਿਆ ਸੀ। ਅੱਧ 'ਚੋਂ ਪਰਤ ਆਇਆ। ਪਿੰਡ ਨੂੰ ਕਿਵੇਂ ਪਤਾ ਲੱਗੂ ਬਈ ਘਰ 'ਚ ਕੁੱਤਿਆਂ ਖਾਣੀ ਹੋਈ ਐ। ਡੇਰਾ ਪ੍ਰੇਮੀ ਹੋਣ ਦੇ ਬਾਵਜੂਦ ਉਹ ਗੁਰਦੁਆਰੇ ਆ ਬੈਠਾ ਸੀ।

ਕਈ ਆਏ। ਸਭ ਮੱਥਾ ਟੇਕ ਪਾਸਾ ਵੱਟ ਗਏ। ਸਭ ਨੂੰ ਪਤਾ ਸੀ, ਇਕ ਤਾਂ ਉਹ ਡੇਰਾ ਪ੍ਰੇਮੀ ਸੀ। ਉੱਤੋਂ ਕੱਬਾ ਹੋਣ ਕਾਰਨ ਵੱਖੀ 'ਚੋਂ ਬੋਲਦਾ। ਫਿਰ ਵੀ ਸਾਲੀਆਂ ਦੀ ਥਾਂ ਲੱਗਦੀ ਰੱਖੀ, ਲਾਗ ਆ ਖੜ੍ਹੀ।

"ਕੀ ਗੱਲ ਭਾਈਆ, ਸੁੱਖ ਤਾਂ ਹੈ?" ਉਸ ਸੁਭਾਵਕ ਕਿਹਾ।

"ਕਿਉਂ? ਸੁੱਖ ਨੂੰ ਮਰ ਗਿਆ ਕੋਈ?" ਉਹ ਤਲਖ਼ ਬੋਲਿਆ।

"ਲੈ, ਐਹਾ ਜੀ ਭਾਖਿਆ ਕਿਉਂ ਕੱਢਦੈਂ ਜੀ ਗੁਰੂ ਘਰ।" ਖਿੜਕਦੀ ਉਹ ਨਿਸ਼ਾਨ ਸਾਹਿਬ ਘੁੱਟਣ ਜਾ ਲੱਗੀ। ਤਦੇ ਭਾਈ ਛਾਂਗਾ ਆ ਖੜ੍ਹਿਆ।

"ਬੋਲੋ ਜੀ ਵਾਹਿਗੁਰੂ..."

"ਹਾਂ ਦੱਸ?"

ਦੋ ਪਤਾਸੇ ਅਗਾਂਹ ਕਰਦੇ ਉਸ ਮੁੱਠੀ ਖੋਲ੍ਹੀ।

"ਨਹੀਂ ! ਤੂੰ ਹੀ ਛਕ।"

"ਜੀ ਵਾਹਿਗੁਰੂ...।" ਭਾਈ ਨੀਵੀਂ ਖਿੱਚ ਗਿਆ।

ਖਿਝਦਾ ਉਹ ਧਰੇਕ ਹੇਠ ਜਾ ਪਿਆ ਸੀ। ਇਸ ਤੋਂ ਪਹਿਲਾਂ ਕਿ ਦੁੱਧ ਲੈ ਕੇ ਮੁੜਦਾ ਭਾਈ ਉਹਨੂੰ ਚਾਹ ਲਈ ਕਹੇ; ਉਹ ਪੱਕੇ ਫਰਸ਼ 'ਤੇ ਸੋਟੀ ਟੇਕਦਾ ਬਾਹਰ ਨਿਕਲ ਆਇਆ।

ਦੁੱਖੀ ਮਨ ਉਹ ਬਾਹਰਲੀ ਫਿਰਨੀ ਪੈ ਸਤਸੰਗ ਘਰ ਵੱਲ ਆ ਰਿਹਾ। ਤੂਕਾਲਾਂ ਉੱਤਰ ਆਉਣ ਕਾਰਨ ਡੇਰਾ ਕੰਨਟੀਨ ਬੰਦ ਸੀ। ਸ਼ਾਇਦ ਸੇਵਾਦਾਰ ਕਿਧਰੇ ਗਿਆ ਹੋਵੇ। ਬੈਂਚ 'ਤੇ ਬੈਠਦੇ ਉਸ ਸਤਸੰਗ ਘਰ ਦੀ ਮੋਰਾਂ ਦੇ ਨਮੂਨੇ ਵਾਲੀ ਚਾਰਦਿਵਾਰੀ ਨਿਹਾਰੀ ਅਤੇ ਸੋਚਿਆ। ਉਹਨੇ ਏਧਰ ਆਉਣ ਦੀ ਵੱਡੀ ਭੁੱਲ ਕੀਤੀ। ਪਿੰਡ ਨੂੰ ਤਾਂ ਪਤਾ ਹੀ ਨਹੀਂ ਲੱਗਾ ਕਿ ਪਾਖਰ ਪ੍ਰੇਮੀ ਨੇ ਪੱਤਰ ਮੋਹ-ਤਿਆਗ ਦਿੱਤਾ ਸੀ। ਜਿਸਦੀ ਮਿਸਾਲ ਸਤਸੰਗਾਂ ਵਿਚ ਤਾਂ ਦਿੱਤੀ ਜਾਂਦੀ ਸੀ। ਜੀਵਨ ਵਿਚ ਘੱਟ ਹੀ ਮਿਲਦੀ ਸੀ।

ਸਿਵਿਆਂ ਦੀ ਡੰਡੀ ਪੈ ਉਹ ਸੂਏ ਵੱਲ ਆ ਨਿਕਲਿਆ। ਭੁੱਖ ਨਾਲ ਖੋਹ ਪਈ ਤਾਂ ਪੁਲੀ 'ਤੇ ਬੈਠ ਗਿਆ। ਥੋੜ੍ਹੀ ਦੂਰ ਉਹਦੇ ਖੇਤ ਸਨ। ਰੁੱਖਾਂ ਦੀ ਝਿੜੀ ਓਹਲਿਉਂ ਜੈਮਲ ਦੇ ਅਮਰੀਕਨ ਜਾਲੀ ਨਾਲ ਬਣਾਏ ਪੋਲੀ ਸ਼ੈਡਾਂ ਦਾ ਝਾਵਲਾ ਪੈਂਦਾ ਸੀ। ਇਹ ਉਹੋ ਖੇਤ ਸਨ ਜਿਹੜੇ ਉਹਦੇ ਪਿਤਾ ਦੀ ਮੌਤ ਮਗਰੋਂ ਉਹਦੇ ਨਾਂ ਚੜ੍ਹਨ ਲੱਗੇ ਸਨ ਤਾਂ ਉਹ ਕਈ ਦਿਨ ਮਾਂ ਦੇ ਗਲ ਲੱਗ ਰੋਂਦਾ ਰਿਹਾ ਸੀ। ਅੱਜ ਉਹੇ ਖੇਤ ਉਹਦੇ ਜਿਉਂਦੇ ਜੀਅ ਵੰਡੇ ਜਾ ਚੁੱਕੇ ਹਨ। ਸੋਚੀਂ ਪਿਆ ਉਹ ਸੂਏ ਦੀ ਝਾਲ ਤੋਂ ਡਿਗਦਾ ਪਾਣੀ ਦੇਖਣ ਲੱਗਾ। ਅਕਾਰਥ ਹੀ।...

ਹਨੇਰੇ ਵਿਚ ਸੂਏ ਦੀ ਪਟੜੀ 'ਤੇ ਕੋਈ ਆਉਂਦਾ ਜਾਪਿਆ। ਧਾਰਾਂ ਕੱਢਣ ਦਾ ਵੇਲਾ ਸੀ। ਦੋਵੇਂ ਮੱਝਾਂ ਉਹਦੇ ਹੱਥ 'ਤੇ ਸਨ। ਜੈਮਲ ਜਾਂ ਬਿਹਾਰੀਆਂ ਹੋਊ। ਆਉਣ ਦੇ, ਕਰਾਊਨਾਂ ਘੀਸੀ ਦੋਹਾਂ ਦੀ। ਉਹ ਪਾਸਾ ਵੱਟ ਬੈਠ ਗਿਆ।

ਅਚਾਨਕ ਪੈਰ-ਚਾਪ ਸੁਣੀ ਅਤੇ ਦੂਰ ਚਲੀ ਗਈ। ਉਸ ਪਰਤ ਕੇ ਦੇਖਿਆ ਹਨੇਰੇ ਵਿਚ ਕੁਝ ਵੀ ਨਹੀਂ ਸੀ। ਕੀ ਪਤਾ ਦਿੱਸਿਆ ਹੀ ਨਾ ਹੋਵਾਂ। ਉਹਨੇ ਖੰਗੂਰ ਕੇ ਗਲ਼ਾ ਸਾਫ਼ ਕੀਤਾ। ਉਡੀਕਿਆਂ, ਪਰ ਹਨੇਰਾ ਉਵੇਂ ਤਣਿਆ ਖੜ੍ਹਾ ਸੀ।

ਉਹ ਹੈਰਾਨ ਸੀ, ਹੁਣ ਤੱਕ ਉਹਦੀ ਭਾਲ ਕਿਉਂ ਨਹੀਂ ਸੀ ਸ਼ੁਰੂ ਹੋਈ। ਪਿੰਡ ਵੱਲੋਂ ਆਉਂਦਾ ਸ਼ੋਰ ਮੱਧਮ ਪੈਣ ਲੱਗਾ ਤਾਂ ਅਚਵੀ ਹੋਈ। ਇੰਜ ਤਾਂ ਉਹਦਾ ਸਾਰਾ ਵਿਰੋਧ ਹੀ ਬੇਕਾਰ ਗਿਆ। ਕਾਹਲੀ ਨਾਲ ਮੁੜਦਾ ਉਹ ਫਿਰ ਗੁਰਦੁਆਰੇ ਦਾ ਬੂਹਾ ਲੰਘ ਗਿਆ।

ਮਨ ਹੀ ਮਨ 'ਉਸ ਧੰਨ ਧੰਨ ਸਤਗੁਰੂ ਤੇਰਾ ਹੀ ਆਸਰਾ' ਉਚਾਰਿਆ ਅਤੇ ਵਰਾਂਡੇ ਵਿਚਲੇ ਪੱਖੇ ਦਾ ਸਵਿੱਚ ਨੱਪ ਚਿਪਸ ਦੇ ਫਰਸ਼ 'ਤੇ ਹੀ ਢੇਰੀ ਹੋ ਗਿਆ।

ਗੁਰਦੁਆਰੇ ਵਿਚ ਸੁੰਨ-ਸਰਾਂ ਸੀ। ਉਹਨੂੰ ਲੱਗਾ, ਰਹਿਰਾਸ ਹੋ ਚੁੱਕਾ ਸੀ। ਤਦੇ ਭਾਈ ਛਾਂਗਾ ਆਇਆ।

"ਬੋਲੋ ਜੀ ਵਾਹਿਗੁਰੂ..."

ਪਾਖਰ ਕੋੜ ਅੱਖ ਝਾਕਿਆ।

"ਲੰਗਰ ਤਾਂ ਹੋ ਗਿਆ ਜੀ ਵਾਹਿਗੁਰੂ, ਇੱਛੈ ਤਾਂ ਕਰਾਂ ਹੀਲਾ ਕੋਈ?"

ਕੁਝ ਕਹਿਣ ਦੀ ਥਾਂ ਹੱਥ ਨਾਲ ਡੰਮਰੂ ਵਜਾ ਨਾਂਹ ਕਰਦਿਆਂ ਪਾਖਰ ਪਾਸਾ ਵੱਟ ਲਿਆ।

"ਜੀ ਵਾਹਿਗੁਰੂ।" ਭਾਈ ਸ਼ੁਕਰ ਕੀਤਾ। "ਕੋਈ ਲੀੜੇ ਕੱਪੜੇ ਦੀ ਸੇਵਾ?" ਤੇ ਬਿਨਾਂ ਉੱਤਰ ਉਡੀਕੇ, ਬੋਲੇ ਜੀ ਵਾਹਿਗੁਰੂ ਦੀ ਮੁਹਾਰਨੀ ਰਟਦਾ, ਪਰੇ ਫਰਾਟੇ ਪੱਖੇ ਦੀ ਘੂਕਰ ਸਾਮ੍ਹਣੇ ਢਿੱਡ ਤੋਂ ਝੱਗਾ ਚੱਕ ਜਾ ਖੜ੍ਹਾ। ਜੀ 'ਚ ਆਈ ਕਹੇ।

'ਸੇਵਾ ਦੀ ਐਨੀ ਓ ਢਿੱਡ ਪੀੜ ਐ ਤਾਂ ਜਾ ਕੇ ਲਾਊਡ ਸਪੀਕਰ 'ਚ ਬਕ। ਬਈ ਸੰਗਤੇ। ਆਹ ਪਈ ਐ ਚਿੱਤੜਾਂ ਭਾਰ ਜੈਮਲ ਦੀ ਸਰਪੰਚੀ। ਲੋਕ ਤਾਂ ਮਰੇ ਤੋਂ ਨੀ ਪਹਿਰ ਦੋ ਪਹਿਰ ਕੱਢਦੇ। ਇਹਨੇ ਤਾਂ ਜਿਉਂਦਿਆਂ ਈ ਮਾਰਿਆ ਚੱਕ ਕੇ। ਹੁਣ ਆਹ ਪਿਐ ਮਰੇ ਕੁੱਤੇ ਆਂਗੂ ਪਿਉ...।' ਭਾਈ ਸੋਚ ਰਿਹਾ ਸੀ। 'ਕਿੱਥੇ ਲਾ ਤੀ ਦੱਦ ਬਾਜਾਂ ਆਲਿਆ। ਜੇ ਨਾਈਆਂ ਦੇ ਬੁੜੇ ਵਾਂਗੂ ਇਥੇ ਹੀ ਟਿਕ ਗਿਆ? ਡੇਰਾ ਪ੍ਰੇਮੀ ਤਾਂ ਉਂਈ ਫੁੱਟੀ ਅੱਖ ਨੀ ਭਾਉਂਦੇ ਕਮੇਟੀ ਨੂੰ...।'

ਰਾਤ ਕਿਵੇਂ ਲੰਘੀ, ਪਾਖਰ ਨੂੰ ਪਤਾ ਨਹੀਂ। ਸਵੇਰੇ ਅੱਖ ਖੁੱਲ੍ਹੀ ਤਾਂ ਖਾਨਿਉਂ ਗਈ। ਪੈਰ ਦਰਬਾਰ ਸਾਹਿਬ ਵੱਲ ਸਨ। ਇਸ ਤੋਂ ਪਹਿਲਾਂ ਕਿ ਧੰਨ ਧੰਨ ਸਤਗੁਰੂ ਕਹਿੰਦਾ ਭੁੱਲ ਬਖਸ਼ਾਉਂਦਾ, ਭਾਈ ਆ ਖੜ੍ਹਾ।

"ਬੋਲੋ ਜੀ ਵਾਹਿਗੁਰੂ।" ਸੁੱਕੇ ਕੜਾਹ ਦਾ ਚੂਰਮਾ ਅਤੇ ਚਾਹ ਦੀ ਬਾਟੀ ਰੱਖਦਾ, ਅਹੁ ਗਿਆ, ਅਹੁ ਗਿਆ। ਜਿਵੇਂ ਕਿਹਾ ਹੋਵੇ, ਚਾਹ ਛਕ ਤੇ ਤੁਰਦੇ ਬਣੇ।

ਪਾਖਰ ਨੂੰ ਖੁਸ਼ੀ ਹੋਈ। ਉਹ ਇਸੇ ਟੈਮ ਚਾਹ ਪੀਣ ਦਾ ਆਦੀ ਸੀ। ਪਰ ਸੁੱਕੇ ਚੂਰਮੇ ਦੀ ਲੱਪ ਮੂੰਹ 'ਚ ਸਿੱਟਦਾ ਅਟਕ ਗਿਆ। ਉਹ ਡੇਰਾ ਪ੍ਰੇਮੀ ਸੀ। ਫਿਰ ਵੀ ਹਰ ਸਾਲ ਬੋਰੀ ਕਣਕ ਤੇ ਝੋਨਾ ਗੁਰਦੁਆਰੇ ਲਈ ਕਢਦਾ। ਪਿਛਲੇ ਵਰ੍ਹੇ ਤੋਂ ਸੱਚਾ ਸੌਦਾ ਗੁਰੂ ਦੀ ਪੌਸ਼ਾਕ ਨੂੰ ਲੈ ਕੇ ਹੋਏ ਤਣਾਓ ਕਾਰਨ ਕਮੇਟੀ ਨੇ ਡੇਰਾ ਪ੍ਰੇਮੀਆਂ ਦੀ ਸੇਵਾ ਲੈਣੀ ਬੰਦ ਕਰ ਦਿੱਤੀ ਸੀ। ਉਹਨੂੰ ਲੱਗਾ, ਉਹਦਾ ਚਾਹ ਪੀਣ ਦਾ ਹੱਕ ਨਹੀਂ ਸੀ। ਚੂਰਮਾ ਅਤੇ ਚਾਹ ਰੌਂਸ 'ਤੇ ਰੱਖਦਾ ਉਹ ਬਿਨਾਂ ਕੁਝ ਕਹੇ ਬਾਹਰ ਆ ਗਿਆ।

ਇਕ ਪਲ ਦਿਲ 'ਚ ਆਈ, ਕਿਉਂ ਨਾ ਕਿਸੇ ਡੇਰਾ ਪ੍ਰੇਮੀ ਦੇ ਘਰੋਂ ਹਾਜਰੀ ਛਕੀ ਜਾਵੇ। ਫਿਰ ਇਹ ਸੋਚ ਸਕੂਲ ਵੱਲ ਤੁਰਿਆ ਆਇਆ ਕਿ ਉਹਦੀਆਂ ਪੋਤੀਆਂ ਮਿਲਣਗੀਆਂ। ਪੁੱਛ ਲਿਆ ਕਿ ਦਾਦੂ ਤੁਸੀਂ ਕਿੱਥੇ ਸੀ? ਤਾਂ ਫੇਰ ਬਣਾਉਂ ਰੇਲ ਜੈਮਲ ਦੀ...।

ਦੇਰ ਤੱਕ ਖੜ੍ਹਿਆ ਰਿਹਾ। ਬੱਚਿਆਂ ਦੀ ਭੀੜ ਵਿਚ ਕੁੜੀਆਂ ਪਛਾਣੀਆਂ ਹੀ ਨਾ ਗਈਆਂ। ਮੋਏ ਜਿਹੇ ਤ੍ਰਾਣ ਉਹ ਸੱਥ ਵੱਲ ਆ ਰਿਹਾ। ਮੁਢੀਰ ਜਾਂ ਕੋਈ ਬੁੱਢਾ ਠੇਰਾ ਹਾਲੇ ਆਇਆ ਨਹੀਂ ਸੀ।...

ਥੋੜ੍ਹੀ ਦੂਰ ਦੋ ਸਕੂਲੀ ਮੁੰਡੇ ਗੱਲਾਂ ਦਾ ਕਚੀਰਾ ਕਰਦੇ ਸੁਣੇ। ਉਹਨਾਂ 'ਚੋਂ ਇਕ ਤਲੀ 'ਤੇ ਤੰਬਾਖੂ ਰਗੜ ਰਿਹਾ ਸੀ।

"ਸ਼ਰਮ ਤਾਂ ਨੀ ਆਉਂਦੀ ਓਏ !... ਕੀ ਥੋਡੀ ਉਮਰ ਤੇ ਕੀ ਥੋਡੇ ਕਾਰੇ।" ਪਾਖਰ ਸੁਭਾਵਕ ਕਿਹਾ।

"ਕਿਉਂ ਬਾਬੇ ਗਧੀ ਛੇੜ ਤੀ ਅਸੀਂ...। ਇਹ ਤਾਂ ਗੁਟਕੇ ਸੌਂਫ ਸੁਪਾਰੀ ਆਲਾ।"

ਪਾਖਰ ਮੱਚ ਉੱਠਿਆ।

"ਯੱਧਾ ਗੁਟਕੇ ਦਾ... ਤੇਰੇ ਪਿਉ ਨੇ ਛੇੜੀ ਐ ਕਦੇ ਗਧੀ? ਤੂੰ ਹੈਂ ਕੀਹਨਾਂ 'ਚੋਂ ਉਏ?"

"ਕੋਈ ਨੀ ਬਾਬੇ, ਲੈ ਸਿੱਟ ਤਾ...।" ਮੁੰਡਾ ਝੇਪ ਗਿਆ।

ਕਾਸ਼ ! ਉਹਨੇ ਆਪਣੇ ਪੁੱਤਾਂ ਨੂੰ ਵੀ ਐਂ ਹੀ ਝਿੜਕਿਆ ਹੁੰਦਾ ਤਾਂ ਆਹ ਦਿਨ ਨਾ ਆਉਂਦਾ। ਭੁੱਖ ਨਾਲ ਖੋਹ ਪੈ ਰਹੀ ਸੀ। ਉਹ ਖਿਝਦਾ ਜਿਹਾ ਸਤਸੰਗ ਘਰ ਦੀ ਕੰਨਟੀਨ 'ਤੇ ਆ ਖੜ੍ਹਾ। ਕੰਨਟੀਨ ਦੇ ਭੰਗੀਦਾਸ ਨਾਲ 'ਧੰਨ ਧੰਨ ਸਤਗੁਰੂ ਤੇਰਾ ਹੀ ਆਸਰਾ' ਦੀ ਸਾਂਝ ਤੋਂ ਬਾਦ ਉਹਨੇ ਚਾਹ ਅਤੇ ਮੱਠੀਆਂ ਲਈ ਕਿਹਾ ਹੀ ਸੀ ਕਿ ਦੋ ਪ੍ਰੇਮੀ ਨਾਹਰਾ ਬੁਲਾ, ਉਹਦੇ ਨੇੜੇ ਆ ਬੈਠੇ।

"ਇਹ ਠੀਕ ਨਹੀਂ ਹੋ ਰਿਹਾ ਪ੍ਰੇਮੀ ਜੀ !"

"ਕੀ ਹੋਇਆ?"

"ਹੋਇਆ ਤਾਂ ਨਹੀਂ, ਪਰ ਹੋਊਗਾ।"

"ਕੀ?"

"ਤੇਰੇ ਜੈਮਲ ਦਾ ਹੀਲਾ।"

"ਹੁਣ ਕੀ ਹੋਇਆ?"

"ਪਹਿਲਾਂ ਡੇਰਾ ਪ੍ਰੇਮੀ ਦੇ ਨਾਂ ਤੇ ਮੁਰਗੀਖਾਨਾ ਖੋਲ੍ਹ ਕੇ ਡੇਰੇ ਨੂੰ ਬਦਨਾਮ ਕੀਤਾ। ਹੁਣ ਕਹਿੰਦਾ ਮੈਂ ਪੋਸਟਰ ਨੀ ਲੱਗਣ ਦੇਣੇ।"

"ਪੋਸਟਰ ਕਾਹਦੇ?"

"ਕਮਾਲ ਐ? ਕਾਹਦਾ ਪ੍ਰੇਮੀ ਐਂ ਤੂੰ? ਸਾਰੇ ਮੁਲਖ 'ਚ ਰੌਲੈ ਤੂੰ ਪੁਛਦੈਂ ਪੋਸਟਰ ਕਾਹਦੇ?"

"ਮੈਨੂੰ ਤਾਂ ਪ੍ਰੇਮੀ ਜੀ ਮੁਰਗੀਖਾਨੇ ਨੇ ਈ ਮਿੱਟੀ ਕਰ ਰੱਖਿਐ। ਮੈਂ ਨੀ ਨਿਕਲਿਆ ਹਫ਼ਤੇ ਭਰ ਤੋਂ ਘਰੋਂ ਬਾਹਰ।"

"ਤਾਂ ਸੁਣ ! ਪਿਤਾ ਜੀ ਵਾਲੀ ਫ਼ਿਲਮ ਦੇ ਦੋ ਬੋਰਡ ਲਗਣੇ ਐ। ਇਕ ਤਿਕੋਨੀ 'ਤੇ, ਦੂਜਾ ਕੈਚੀਆਂ ਵਾਲੇ ਮੋੜ 'ਤੇ... ਤੇਰਾ ਜੈਮਲ ਮੁਢੀਰ ਕੱਠੀ ਕਰੀ ਫਿਰਦੈ... ਕਹਿੰਦੈ, ਮਰ ਭਮਾ ਜਾਵਾਂ ਪੋਸਟਰ ਨੀ ਲੱਗਣ ਦਿੰਦਾ।।"

"ਪਰ ਮੈਂ ਤਾਂ ਹਾਲੇ ਕੱਲ ਕੀਤੀ ਕੁੱਤੇਖਾਣੀ। ਅਰ ਪੋਸਟਰਾਂ ਬਾਰੇ ਤਾਂ ਉਹਨੇਂ ਕੁਝ ਕਿਹਾ ਨਹੀਂ।"

"ਹੱਦ ਹੋ ਗਈ ! ਤੈਨੂੰ ਕਿਉਂ ਕਹੂ? ਦੇਖ ਜੀ ! ਤੂੰ ਵੱਡੋਂ, ਸਭ ਤੋਂ ਪੁਰਾਣਾ ਪ੍ਰੇਮੀ ਐਂ। ਇਲਾਕੇ ਦਾ ਭੰਗੀਦਾਸ (ਸੇਵਾਦਾਰ) ਰਹਿ ਚੁੱਕੋਂ। ਤੇਰੇ ਘਰੋਂ ਇਹ ਅੱਗ ਉੱਠੇ; ਇਹ ਨੀ ਸਹਿ ਹੋਣਾ।"

ਪਾਖਰ ਦੀ ਹੋਸ਼ ਜਾਂਦੀ ਰਹੀ। ਉਹਨੂੰ ਜੈਮਲ ਤੋਂ ਇਹ ਆਸ ਨਹੀਂ ਸੀ। ਪ੍ਰੇਮੀ ਆਖ ਰਹੇ ਸਨ,

"... ਡੇਰੇ ਦੀ ਹਿਦਾਇਤ ਐ, ਕਿਸੇ ਨਾਲ ਉੱਚਾ ਨੀ ਬੋਲਣਾ। ਕੋਈ ਵਿਰੋਧ ਕਰੂ ਤਾਂ ਦੇਖਾਂਗੇ।" ਦੋਵੇਂ ਪ੍ਰੇਮੀ ਉੱਠ ਕੇ ਸਤਸੰਗ ਘਰ 'ਚ ਸੇਵਾ ਕਰਨ ਜਾ ਲੱਗੇ।

ਐਤਵਾਰ ਨਹੀਂ ਸੀ, ਫਿਰ ਵੀ ਲਗਾਤਾਰ ਪ੍ਰੇਮੀ ਆ ਰਹੇ ਸਨ। ਹਾਲੇ ਤਾਂ ਪਹਿਲਾ ਹੀ ਮਸਲਾ ਨਹੀਂ ਸੀ ਸੁਲਝਿਆ। ਪੋਸਟਰਾਂ ਵਾਲਾ ਝੰਜਟ ਨਵਾਂ ਆ ਖੜ੍ਹਾ। ਡੇਰਾ ਪ੍ਰੇਮੀਆਂ ਵੱਲੋਂ ਪਿਤਾ ਜੀ ਕੋਈ ਫ਼ਿਲਮ ਬਣਾ ਰਹੇ ਸਨ। ਸਤਸੰਗ ਸਮੇਂ ਪਾਖਰ ਨੇ ਸੁਣਿਆ ਤਾਂ ਸੀ, ਪਰ ਇਹ ਠੀਕੁਰ ਪਾਖਰ ਸਿਰ ਹੀ ਆ ਭੱਜੇਗਾ, ਇਹ ਨਹੀਂ ਸੀ ਸੋਚਿਆ। ਪਾਖਰ ਨੇ ਕੰਨਟੀਨ ਪ੍ਰੇਮੀ ਨੂੰ ਪੋਸਟਰਾਂ ਬਾਰੇ ਪੁੱਛਿਆ। ਪ੍ਰੇਮੀ ਨੇ ਕੁਝ ਬੋਲ ਅੰਗਿਆਰਾਂ ਵਾਂਗ ਪਾਖਰ ਵੱਲ ਸਿੱਟੇ। ਪਾਖਰ ਮੱਚਣ ਲਗਿਆ। ਲੱਗਾ ਕੋਈ ਵੱਡਾ ਵਿਸਫੋਟ ਹੋਣ ਵਾਲਾ ਸੀ। ਅਚਾਨਕ ਕੰਨਟੀਨ ਸਾਮ੍ਹਣੇ ਕਸਬੇ ਤੋਂ ਸ਼ਹਿਰ ਜਾਂਦੀ ਮਿਨੀ ਬੱਸ ਰੁਕੀ। ਪਤਾ ਨਹੀਂ ਪਾਖਰ ਦੇ ਜੀਅ 'ਚ ਕੀ ਆਈ, ਉਹ ਬਿਨਾਂ ਕੁਝ ਸੋਚੇ; ਬੱਸ 'ਚ ਚੜ ਗਿਆ।...

ਪੁੱਤਾਂ ਨਾਲ ਪਾਖਰ ਦੀ ਕਦੇ ਵੀ ਨਹੀਂ ਸੀ ਬਣੀ। ਹੋਸ਼ ਸੀ ਸੰਭਲੀ ਕਿ ਮਾਪੇ ਤੁਰਦੇ ਬਣੇ। ਬਚਪਨ ਦੀ ਉਂਗਲੀ ਲੱਗ ਭੁੰਇਂ ਨਾਂ ਕਰਾਉਂਦਿਆਂ, ਘਰ ਦੇ ਤੀਲ੍ਹੇ ਜੋੜਦਿਆਂ, ਅਤੇ ਹਰਦੇਈ ਨਾਲ ਫੇਰੇ ਲੈ ਕੇ ਟੱਬਰ ਕਿਉਂਟਦਿਆਂ, ਜ਼ਿੰਦਗੀ ਦੇ ਅਜਿਹੇ ਸੱਚ ਨਾਲ ਖਹਿ ਕੇ ਲੰਘਣਾ ਪਿਆ ਕਿ ਨਾ ਚੱਜ ਨਾਲ ਖਾਧਾ ਗਿਆ, ਨਾ ਪਹਿਨਿਆ ਗਿਆ, ਨਾ ਹੀ ਰੱਜ ਕੇ ਜੀਵਿਆ ਗਿਆ। ਫਿਰ ਵੀ ਉਸ ਦੋਵੇਂ ਪੁੱਤ ਅਤੇ ਧੀ ਵਾਹ ਲਗਦਿਆਂ ਪੜ੍ਹਾਏ ਅਤੇ ਉਨ੍ਹਾਂ ਦੇ ਘਰ ਵਸਾਏ। ਸ਼ਰੀਕੇ ਬਿਰਾਦਰੀ ਨਾਲ ਨੰਗੇ ਧੜ ਨਿਭਦਿਆਂ ਪਤਾ ਹੀ ਨਾ ਲੱਗਾ ਕਦੋਂ ਬੋਲ ਬਾਣੀ ਕੁਰਖ਼ਤ ਹੋ ਗਈ। ਗ਼ੁਰਬਤ ਹੱਡਾਂ ਵਿਚ ਬੈਠ ਗਈ ਅਤੇ ਉਹ ਸ਼ਰਾਬ ਦੀ ਝੋਲੀ ਵਿਚ ਇਸ ਕਦਰ ਜਾ ਪਿਆ ਕਿ ਸਭ ਕੁਝ ਰੇਤ ਦੀ ਮੁੱਠੀ ਵਾਂਗ ਕਿਰਦਾ ਚਲਾ ਗਿਆ। ਇਸ ਕਿਰਮਨ ਕਿਰਨੀ ਵਿਚ ਧੀ ਨੂੰ ਇਕ ਫ਼ੌਜੀ ਪਰਿਵਾਰ ਦੇ ਮੁੰਡੇ ਲੜ ਲਾਉਂਦਿਆਂ ਦੋ ਕਿੱਲੇ ਹੋਰ ਕਿਰ ਗਏ।

ਉਹਦੇ ਵੱਡੇ ਜੈਮਲ ਨੇ ਕਾਲਜ ਦੌਰਾਨ ਰੱਜ ਕੇ ਕਾਮਰੇਡੀ ਕੀਤੀ ਸੀ। ਪਰ ਪਿਉ ਦੀ ਅੰਨ੍ਹੀ ਸ਼ਰਾਬ ਨੇ ਉਹਨੂੰ ਧਰਮ-ਕਰਮ ਵੱਲ ਅਜਿਹਾ ਪ੍ਰੇਰਿਆ ਕਿ ਉਹ ਧਰਮ ਦੀ ਉਸ ਕੱਟੜਤਾ ਵੱਲ ਜਾ ਖੜ੍ਹਾ, ਜਿੱਥੇ ਕਿਸੇ ਦੂਜੇ

ਹਰਿਆਣਾ ਵਿਚ ਸਥਾਪਿਤ ਹੋਵੇਗੀ 800 ਮੇਗਾਵਾਟ ਦੀ ਅਲਟਰਾ ਸੁਪਰ ਕ੍ਰਿਟੀਕਲ ਥਰਮਲ ਪਾਵਰ ਯੂਨਿਟ : ਮੁੱਖ ਮੰਤਰੀ ਨਾਇਬ ਸਿੰਘ

➢ 7250 ਕਰੋੜ ਰੁਪਏ ਦੀ ਲਾਗਤ ਨਾਲ ਰਾਜੀਵ ਗਾਂਧੀ ਥਰਮਲ ਪਾਵਰ ਪਲਾਂਟ, ਖੇਦੜ, ਹਿਸਾਰ ਵਿਚ ਸਥਾਪਿਤ ਕੀਤੀ ਜਾਵੇਗੀ ਇਹ ਯੂਨਿਟ ➢ ਹਰਿਆਣਾ ਸੂਬਾ ਬਿਜਲੀ ਉਤਪਾਦਨ ਦੇ ਖੇਤਰ ਵਿਚ ਜਲਦੀ ਹੋਵੇਗਾ ਆਤਮਨਿਰਭਰ

ਚੰਡੀਗੜ੍ਹ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸੂਬੇ ਨੇ ਬਿਜਲੀ ਉਤਪਾਦਨ ਦੇ ਖੇਤਰ ਵਿਚ ਆਤਮਨਿਰਭਰਤਾ ਦੇ ਵੱਲ ਇਕ ਹੋਰ ਮਹਤੱਵਪੂਰਨ ਕਦਮ ਵਧਾ ਲਿਆ ਹੈ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਰਾਜੀਵ ਗਾਂਧੀ ਥਰਮਲ ਪਾਵਰ ਪਲਾਂਟ, ਖੇਦੜ, ਹਿਸਾਰ ਵਿਚ 7250 ਕਰੋੜ ਰੁਪਏ ਦੀ ਲਾਗਤ ਨਾਲ 800 ਮੇਗਾਵਾਟ ਦੀ ਵੱਧ ਅਲਟਰਾ ਸੁਪਰ ਕ੍ਰਿਟੀਕਲ ਥਰਮਲ ਪਾਵਰ ਯੂਨਿਟ ਸਥਾਪਿਤ ਕਰਨ ਦਾ ਐਲਾਨ ਕੀਤਾ। ਇਸ ਨਾਲ ਹਰਿਆਣਾ ਸੂਬਾ ਬਿਜਲੀ ਉਤਪਾਦਨ ਦੇ ਮਾਮਲੇ ਵਿਚ ਜਲਦੀ ਹੀ ਆਤਮਨਿਰਭਰ ਹੋ ਸਕੇਗਾ।

ਮੁੱਖ ਮੰਤਰੀ ਅੱਜ ਅੰਬਾਲਾ ਵਿਚ ਪ੍ਰਧਾਨ ਮੰਤਰੀ ਸੂਰਿਆਘਰ ਮੁਫਤ ਬਿਜਲੀ ਯੋਜਨਾ ਤਹਿਤ ਪ੍ਰਬੰਧਿਤ ਰਾਜ ਪੱਧਰੀ ਸਮਾਰੋਹ ਵਿਚ ਹਰਿਆਣਾ ਵਿਚ ਵੱਧ ਗ੍ਰਾਂਟ ਸਕੀਮ ਦੀ ਸ਼ੁਰੂਆਤ ਕਰਦੇ ਹੋਏ ਮੌਜੂਦ ਜਨਸਮੂਹ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਉਨ੍ਹਾਂ ਨੇ ਯੋਜਨਾ ਦੇ ਲਾਭਕਾਰਾਂ ਨੂੰ ਪ੍ਰਮਾਣ ਪੱਤਰ ਵੀ ਵੰਡੇ।

ਬਿਜਲੀ ਦਾ ਮੰਥਲੀ ਮਿਨਿਮਮ ਚਾਰਜ ਖਤਮ, ਜਿੰਨ੍ਹੀ ਯੂਨਿਟ ਦੀ ਖਪਤ-ਉਨ੍ਹਾਂ ਹੀ ਹੋਵੇਗਾ ਬਿੱਲ

ਮੁੱਖ ਮੰਤਰੀ ਨੇ ਇਕ ਹੋਰ ਮਹਤੱਵਪੂਰਨ ਐਲਾਨ ਕਰਦੇ ਹੋਏ ਬਿਜਲੀ ਦਾ ਮੰਥਲੀ ਮਿਨਿਮਮ ਚਾਰਜ ਖਤਮ ਕਰਨ ਦਾ ਵੀ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਹੁਣ ਤੋਂ ਸੂਬੇ ਦੇ ਲੋਕ ਬਿਜਲੀ ਦੀ ਜਿਨ੍ਹੀ ਯੂਨਿਟ ਖਰਚ ਕਰਣਗੇ ਉਨ੍ਹਾਂ ਹੀ ਬਿੱਲ ਆਵੇਗਾ, ਤਾਂ ਜੋ ਬਿਜਲੀ ਖਪਤਕਾਰਾਂ ਨੂੰ ਰਾਹਤ ਪ੍ਰਦਾਨ ਕੀਤੀ ਜਾ ਸਕੇ।

ਸੋਲਰ ਰੂਫ ਟਾਪ ਪਲਾਂਟ ਦਾ ਸਾਰਾ ਖਰਚ ਡਬਲ ਇੰਜਨ ਸਰਕਾਰ ਕਰੇਗੀ ਭੁਗਤਾਨ

ਮੁੱਖ ਮੰਤਰੀ ਨੇ ਸੂਬੇ ਦੇ ਲੋਕਾਂ ਨੂੰ ਪ੍ਰਧਾਨ ਮੰਤਰੀ ਸੂਰਿਆਘਰ ਮੁਫਤ ਬਿਜਲੀ ਯੋਜਨਾ ਦੇ ਸ਼ੁਰੂਆਤ ਮੌਕੇ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਯੋਜਨਾ ਨਾਲ 1,80,000 ਰੁਪਏ ਤੋਂ ਘੱਟ ਆਮਦਨ ਵਾਲੇ ਗਰੀਬ ਪਰਿਵਾਰਾਂ ਨੂੰ ਰੂਫਟਾਪ ਸੋਲਰ ਪਲਾਂਟ ਸਥਾਪਿਤ ਕਰਨ ਲਈ 60,000 ਰੁਪਏ ਦੀ ਸਬਸਿਡੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਪ੍ਰਦਾਨ ਕੀਤੀ ਜਾਵੇਗੀ ਜਦੋਂ ਕਿ 50,000 ਦੀ ਸਬਸਿਡੀ ਸੂਬਾ ਸਰਕਾਰ ਪ੍ਰਦਾਨ ਕਰੇਗੀ। ਹਾਲਾਂਕਿ ਯੋਜਨਾ ਤਹਿਤ ਰੂਫਟਾਪ ਸੋਲਰ ਪਲਾਂਟ ਲਗਾਉਣ 'ਤੇ 1,10,000 ਖਰਚਾ ਆਵੇਗਾ, ਪਰ ਖਪਤਕਾਰ ਨੂੰ ਆਪਣੇ ਜੇਬ ਤੋਂ ਕੁੱਝ ਵੀ ਖਰਚ ਨਹੀਂ ਕਰਨਾ ਪਵੇਗਾ। ਇਸੀ ਤਰ੍ਹਾ, 1,80,000 ਰੁਪਏ ਤੋਂ 3 ਲੱਖ ਰੁਪਏ ਤਕ ਦੀ ਆਮਦਨ ਵਾਲੇ ਪਰਿਵਾਰਾਂ ਨੂੰ ਕੇਂਦਰ ਸਰਕਾਰ ਵੱਲੋਂ 60,000 ਸਬਸਿਡੀ ਅਤੇ 20,000 ਦੀ ਸਬਸਿਡੀ ਰਾਜ ਸਰਕਾਰ ਵੱਲੋਂ ਪ੍ਰਦਾਨ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਯੋਜਨਾ ਨੂੰ ਸ਼ੁਰੂ ਕਰਨ ਦਾ ਸੰਕਲਪ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ 22 ਜਨਵਰੀ, 2024 ਨੂੰ ਅਯੋਧਿਆ ਦੀ ਪਵਿੱਤਰ ਭੂਮੀ ਤੋਂ ਲਿਆ ਗਿਆ ਸੀ। ਅੱਜ ਇਸ ਯੋਜਨਾ ਨੂੰ ਹਰਿਆਣਾ ਸੂਬੇ ਵਿਚ ਅਮਲੀਜਾਮਾ ਪਹਿਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਸ ਯੋਜਨਾ ਰਾਹੀਂ ਇਕ ਕਰੋੜ ਘਰਾਂ 'ਤੇ ਸੋਲਰ ਰੂਫਟਾਪ ਪਲਾਂਟ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਹ ਯੋਜਨਾ ਪਹਿਲਾਂ ਆਓ-ਪਹਿਲਾਂ ਪਾਓ ਦੇ ਸਿਦਾਂਤ 'ਤੇ ਹੈ ਮਤਲਬ ਜੋ ਯੋਗ ਵਿਅਕਤੀ ਯੋਜਨਾ ਦਾ ਲਾਭ ਲੈਣ ਲਈ ਪੋਰਟਲ 'ਤੇ ਪਹਿਲਾ ਰਜਿਸਟਰਡ ਕਰੇਗਾ ਉਸ ਨੂੰ ਯੋਜਨਾ ਦਾ ਲਾਭ ਸੱਭ ਤੋਂ ਪਹਿਲਾਂ ਮਿਲੇਗਾ।

ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਪਿਛਲੇ 10 ਸਾਲਾਂ ਵਿਚ ਗਰੀਬ ਆਦਮੀ ਹੋਇਆ ਮਜਬੂਤ

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਸੋਚ ਹੈ ਕਿ ਲਾਇਨ ਵਿਚ ਖੜੇ ਆਖੀਰੀ ਵਿਅਕਤੀ ਦਾ ਉਦੈ ਕਿਵੇਂ ਹੋਵੇ, ਉਸ ਨੂੰ ਕਿਸ ਤਰ੍ਹਾ ਮਜਬੂਤ ਬਣਾਇਆ ਜਾਵੇ। ਪਿਛਲੇ 10 ਸਾਲਾਂ ਵਿਚ ਨਰੇਂਦਰ ਮੋਦੀ ਜੀ ਨੇ ਵੱਖ-ਵੱਖ ਭਲਾਈਕਾਰੀ ਯੋਜਨਾਵਾਂ ਰਾਹੀਂ ਗਰੀਬ ਨੂੰ ਮਜਬੂਤ ਬਣਾ ਕੇ ਉਨ੍ਹਾਂ ਨੂੰ ਗਰੀਬੀ ਤੋਂ ਬਾਹਰ ਕੱਢਣ ਦਾ ਕੰਮ ਕੀਤਾ ਹੈ। ਇਸ ਦੌਰਾਨ 25 ਕਰੋੜ ਗਰੀਬ ਪਰਿਵਾਰਾਂ ਨੂੰ ਯੋਜਨਾਬੱਧ ਢੰਗ ਨਾਲ ਗਰੀਬੀ ਰੇਖਾ ਤੋਂ ਉੱਪਰ ਚੁਕਿਆ ਹੈ। ਅੱਜ ਤੋਂ ਸੂਬੇ ਵਿਚ ਸ਼ੁਰੂ ਕੀਤੀ ਗਈ ਪ੍ਰਧਾਨ ਮੰਤਰੀ ਸੂਰਿਆਘਰ ਮੁਫਤ ਬਿਜਲੀ ਯੋਜਨਾ ਰਾਹੀਂ ਵੀ ਗਰੀਬ ਵਿਅਕਤੀ ਨੂੰ ਮਜਬੂਤ ਕਰਨ ਦਾ ਕੰਮ ਨਰੇਂਦਰ ਮੋਦੀ ਜੀ ਵੱਲੋਂ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਦੀ ਇਸ ਪਰਿਕਲਪਨਾ ਨੂੰ ਸੌ-ਫੀਸਦੀ ਧਰਾਤਲ 'ਤੇ ਉਤਾਰਨ ਦਾ ਕੰਮ ਇਹ ਡਬਲ ਇੰਜਨ ਦੀ ਸਰਕਾਰ ਕਰ ਰਹੀ ਹੈ।

ਕੇਂਦਰ ਅਤੇ ਹਰਿਆਣਾ ਦੀ ਡਬਲ ਇੰਜਨ ਦੀ ਸਰਕਾਰ ਨੇ ਝੂਠ ਦੀ ਰਾਜਨੀਤੀ 'ਤੇ ਲਗਾਇਆ ਵਿਰਾਮ

ਵਿਰੋਧੀ ਧਿਰ 'ਤੇ ਕਟਾਕਸ਼ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਦੀ ਸਰਕਾਰਾਂ ਵਿਚ ਬਿਜਲੀ ਦੇ ਨਾਂਅ 'ਤੇ ਸੂਬੇ ਵਿਚ ਰਾਜਨੀਤੀ ਚਲਦੀ ਸੀ, ਰੇਲਿਆ ਤਕ ਪ੍ਰਬੰਧਿਤ ਕੀਤੀ ਜਾਂਦੀ ਸੀ ਅਤੇ 24 ਘੰਟੇ ਬਿਜਲੀ ਦੇਣ ਦੇ ਵਾਦੇ ਵੀ ਕੀਤੇ ਜਾਂਦੇ ਸਨ। ਸੂਬੇ ਦੀ ਭੋਲੀ-ਭਾਲੀ ਜਨਤਾ ਤੋਂ ਬਿਜਲੀ ਦੇ ਨਾਂਅ 'ਤੇ ਵੋਟ ਵੀ ਲੈ ਲੈਂਦੇ ਸਨ, ਪਰ 24 ਘੰਟੇ ਬਿਜਲੀ ਉਪਲਬਧ ਨਹੀਂ ਕਰਾ ਪਾਉਂਦੇ ਸਨ। ਅਸੀਂ ਯੋਜਨਾਬੱਧ ਢੰਗ ਨਾਲ ਹਰਿਆਣਾ ਵਿਚ ਮਾਰਾ ਗਾਂਓ-ਜਗਮਗ ਗਾਂਓ ਯੋਜਨਾ ਦੀ ਸ਼ੁਰੂਆਤ ਕੀਤੀ ਜਿਸ ਦੇ ਤਹਿਤ ਅੱਜ ਹਰਿਆਣਾ ਦੇ ਹਰੇਕ ਪਿੰਡ ਵਿਚ 24 ਘੰਟੇ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ। ਆਪਣੀ ਰਾਜਨੀਤੀ ਚਮਕਾਉਣ ਵਾਲੇ ਅਜਿਹੇ ਨੇਤਾ ਵਿਰੋਧੀ ਧਿਰ ਵਿਚ ਬੈਠ ਕੇ ਲੋਕਾਂ ਨੂੰ ਗੁਮਰਾਹ ਕਰਦੇ ਰਹੇ ਕਿ ਬਿਜਲੀ ਦੇ ਬਿੱਲ ਨਾ ਭਰੋ, ਸਾਡੀ ਸਰਕਾਰ ਆਵੇਗੀ ਤਾਂ ਅਸੀਂ ਮਾਫ ਕਰ ਦਵਾਂਗੇ। ਅਜਿਹੇ ਝੂਠੇ ਨੇਤਾ ਜਨਤਾ ਨੂੰ ਗੁਮਰਾਹ ਕਰ ਕੇ ਸੱਤਾ ਵਿਚ ਤਾਂ ਆ ਜਾਂਦੇ ਸਨ ਪਰ ਬਿਜਲੀ ਦੇ ਬਿੱਲ ਮਾਫ ਨਹੀਂ ਕੀਤੇ। ਕੇਂਦਰ ਅਤੇ ਹਰਿਆਣਾ ਦੀ ਡਬਲ ਇੰਜਨ ਦੀ ਸਰਕਾ ਨੈ ਹੀ ਇਸ ਤਰ੍ਹਾ ਦੀ ਝੂਠ ਦੀ ਰਾਜਨੀਤੀ 'ਤੇ ਰੋਕ ਲਗਾਉਣ ਦਾ ਕੰਮ ਕੀਤਾ ਹੈ।

ਦੇਸ਼ ਗ੍ਰੀਨ ਏਨਰਜੀ ਵੱਲ ਤੇਜੀ ਨਾਲ ਵਧਿਆ

ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿਚ ਸੌਰ ਉਰਜਾ 'ਤੇ ਬਹੁਤ ਹੀ ਤੇਜੀ ਨਾਲ ਕੰਮ ਹੋ ਰਿਹਾ ਹੈ। ਸਾਲ 2016 ਵਿਚ ਪ੍ਰਧਾਨ ਮੰਤਰੀ ਜੀ ਨੇ ਗੁਰੂਗ੍ਰਾਮ ਵਿਚ ਕੌਮਾਂਤਰੀ ਸੌਰ ਗਠਬੰਧਨ ਸਕੱਤਰੇਤ ਦਾ ਉਦਘਾਟਨ ਕੀਤਾ ਸੀ ਉਸ ਦੇ ਬਾਅਦ ਦੇਸ਼ ਗ੍ਰੀਨ ਏਨਰਜੀ ਦੇ ਵੱਲ ਤੇਜੀ ਨਾਲ ਅੱਗੇ ਵੱਧ ਰਿਹਾ ਹੈ।

ਹਾਲ ਹੀ ਵਿਚ ਸੋਨੀਪਤ ਵਿਚ ਗਰੀਬ ਪਰਿਵਾਰਾਂ ਨੂੰ 100-100 ਵਰਗ ਗਜ ਦੇ ਪਲਾਟ ਅਲਾਟਮੈਂਟ ਦਾ ਜਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੇ ਵਿਧਾਨਸਭਾ ਵਿਚ ਨਾ ਸਿਰਫ ਇਸ ਦੇ ਲਈ ਬਿੱਲ ਪਾਸ ਕਰਵਾਇਆ ਸਗੋ ਵੱਖ ਤੋਂ ਬਜਟ ਵਿਚ ਪ੍ਰਾਵਧਾਨ ਕੀਤਾ ਗਿਆ। ਹਾਲ ਹੀ ਵਿਚ 7500 ਤੋਂ ਵੱਧ ਯੋਗ ਲੋਕਾਂ ਨੂੰ ਪਲਾਟ ਦਾ ਕਬਜਾ ਅਤੇ ਕਾਗਜ ਪ੍ਰਦਾਨ ਕੀਤੇ ਗਏ ਹਨ। ਇਸ ਤੋਂ ਇਲਾਵਾ, ਜਿੱਥੇ ਪੰਚਾਇਤ ਦੇ ਕੋਲ ਪਲਾਟ ਦੇਣ ਲਈ ਜਮੀਨ ਉਪਲਬਧ ਨਹੀਂ ਹੈ ਉੱਥੇ ਯੋਗ ਵਿਅਕਤੀ ਦੇ ਖਾਤੇ ਵਿਚ ਪਲਾਟ ਖਰੀਦਣ ਦੇ ਲਈ 1,00,000 ਦੇਣ ਦਾ ਪ੍ਰਾਵਧਾਨ ਵੀ ਕੀਤਾ ਗਿਆ ਹੈ। ਨਾਲ ਹੀ ਹੈਪੀ ਯੋਜਨਾ ਦੀ ਸ਼ੁਰੂਆਤ ਵੀ ਕੀਤੀ ਹੈ ਜਿਸ ਦੇ ਤਹਿਤ 1 ਲੱਖ ਤੋਂ ਘੱਟ ਆਮਦਨ ਵਾਲੇ 23 ਲੱਖ ਪਰਿਵਾਰਾਂ ਦੇ 84 ਲੱਖ ਲੋਕਾਂ ਨੂੰ ਇਕ ਸਾਲ ਵਿਚ 1000 ਕਿਲੋਮੀਟਰ ਤਕ ਹਰਿਆਣਾ ਰੋਡਵੇਜ ਵਿਚ ਮੁਫਤ ਬੱਸ ਯਾਤਰਾ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਤੀਜੀ ਵਾਰ ਸ਼ੁੰਹ ਲੈਣ ਬਾਅਦ ਸੱਭ ਤੋਂ ਪਹਿਲਾਂ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ (ਪੀਐਮ-ਕਿਸਾਨ) ਯੋਜਨਾ ਤਹਿਤ 20,000 ਕਰੋੜ ਰੁਪਏ ਦੀ ਰਕਮ ਜਾਰੀ ਕਰਨ ਦਾ ਕੰਮ ਕੀਤਾ। ਨਾਲ ਹੀ ਜਿਸ ਤਰ੍ਹਾ ਕੇਂਦਰ ਸਰਕਾਰ ਨੇ ਹੁਣ ਤਕ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 4 ਕਰੋੜ ਗਰੀਬ ਲੋਕਾਂ ਨੂੰ ਮਕਾਨ ਬਣਾ ਕੇ ਦਿੱਤੇ ਉਸੀ ਤਰ੍ਹਾ ਆਉਣ ਵਾਲੇ 5 ਸਾਲ ਵਿਚ 3 ਕਰੋੜ ਹੋਰ ਮਕਾਨ ਦੇਣ 'ਤੇ ਕੰਮ ਕਰਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2014 ਤੋਂ 2024 ਦੇ ਵਿਚ ਦੇਸ਼ ਵਿਚ ਇਕ ਵੱਡਾ ਅੰਤਰ ਦੇਖਣ ਨੂੰ ਮਿਲਿਆ ਹੈ, ਚਾਹੇ ਉਹ ਸੜਕਾਂ ਦੀ ਗੱਲ ਹੋਵੇ, ਯੂਨੀਵਰਸਿਟੀ ਦੀ ਗੱਲ ਹੋਵੇ, ਮੈਡੀਕਲ ਕਾਲਜ ਹੋਵੇ, ਮੈਡੀਕਲ ਯੂਨੀਵਰਸਿਟੀ ਦੀ ਗੱਲ ਹੋਵੇ ਜਾਂ ਬੁਨਿਆਦੀ ਵਿਕਾਸ ਦੀ ਗੱਲ ਹੋਵੇ। ਦੇਸ਼ ਇੰਨ੍ਹਾਂ ਸਾਰੇ ਖੇਤਰਾਂ ਵਿਚ ਤੇਜੀ ਨਾਲ ਅੱਗੇ ਵਧਿਆ ਹੈ। ਹਰਿਆਣਾ ਵਿਚ ਵੀ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਦੀ ਅਗਵਾਈ ਹੇਠ ਇਸ ਦੌਰਾਨ ਚਹੁਮੁਖੀ ਵਿਕਾਸ ਯਕੀਨੀ ਕੀਤਾ ਗਿਆ ਹੈ। ਕੁੜੀਆਂ ਨੂੰ 20 ਕਿਲੋਮੀਟਰ ਦੇ ਘੇਰੇ ਵਿਚ ਕਾਲਜ ਦੀ ਸਹੂਲਤ ਪ੍ਰਦਾਨ ਕਰਵਾਉਣ ਤੋਂ ਇਲਾਵਾ ਜਿਨ੍ਹਾਂ ਪਰਿਵਾਰਾਂ ਦੀ ਆਮਦਨ 1,80,000 ਰੁਪਏ ਤੋਂ ਘੱਟ ਹੈ ਉਨ੍ਹਾਂ ਕੁੜੀਆਂ ਦੀ ਪੜਾਈ ਦਾ ਖਰਚਾ ਹਰਿਆਣਾ ਸਰਕਾਰ ਭੁਗਤਾਨ ਕਰ ਰਹੀ ਹੈ।

ਇਸ ਮੌਕੇ 'ਤੇ ਉਰਜਾ ਮੰਤਰੀ ਸ੍ਰੀ ਰਣਜੀਤ ਸਿੰਘ ਨੇ ਕਿਹਾ ਕਿ ਅੱਜ ਅੰਬਾਲਾ ਦੇ ਲਈ ਇਤਿਹਾਸਕ ਦਿਨ ਹੈ। ਪਿਛਲੇ ਕੁੱਝ ਸਾਲਾਂ ਵਿਚ ਪਾਵਰ ਸੈਕਟਰ ਵਿਚ ਹਰਿਆਣਾ ਨੂੰ ਬਹੁਤ ਚੰਗੀ ਮਾਈਲੇਜ ਮਿਲੀ ਹੈ। ਸੂਬੇ ਦੇ ਉਰਜਾ ਮੰਤਰਾਲੇ ਦੇ ਤਹਿਤ ਕੰਮ ਕਰ ਰਹੇ ਦੋਨਾਂ ਕੰਪਨੀ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਅਤੇ ਦੱਖਣ ਹਰਿਆਣਾ ਬਿਜਲੀ ਵੰਡ ਨਿਗਮ ਏ ਪਲੱਸ ਕੈਟੇਗਰੀ ਵਿਚ ਆ ਗਈਆਂ ਹਨ। ਸਾਡਾ ਨਾ ਸਿਰਫ ਲਾਇਨ ਲਾਸੇਸ ਘੱਟ ਤੋਂ ਘੱਟ ਪੱਧਰ 'ਤੇ ਆਇਆ ਹੈ ਸਗੋ ਅੱਜ ਪੂਰੇ ਦੇਸ਼ ਵਿਚ ਹਰਿਆਣਾ ਦੀ ਚਾਰੋਂ ਬਿਜਲੀ ਕੰਪਨੀਆਂ ਭਰੋਸੇਮੰਦਗੀ ਸ਼੍ਰੇਣੀ ਵਿਚ ਸ਼ਾਮਿਲ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸੂਰਿਆਘਰ ਮੁਫਤ ਬਿਜਲੀ ਯੋਜਨਾ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਡ੍ਰੀਮ ਪ੍ਰੋਜੈਕਟ ਹੈ ਅਤੇ ਹੁਣ ਕੇਂਦਰੀ ਊਰਜਾ ਮੰਤਰੀ ਵਜੋਂ ਸਾਬਕਾ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਇਸ ਨੂੰ ਕੇਂਦਰ ਵਿਚ ਦੇਖ ਰਹੇ ਹਨ। ਅਸੀਂ ਪੂਰੇ ਭਰੋਸੇ ਦੇ ਨਾਲ ਅੱਗੇ ਵੱਧਦੇ ਹੋਏ ਇਸ ਯੋਜਨਾ ਨੂੰ ਸੂਬੇ ਵਿਚ ਧਰਾਤਲ 'ਤੇ ਲਾਗੂ ਕਰਵਾਉਣਾ ਯਕੀਨੀ ਕਰਾਂਗੇ।

ਇਸ ਤੋਂ ਪਹਿਲਾਂ ਟ੍ਰਾਂਸਪੋਰਟ ਰਾਜ ਮੰਤਰੀ ਸ੍ਰੀ ਅਸੀਮ ਗੋਇਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਸੂਰਿਆਘਰ ਮੁਫਤ ਬਿਜਲੀ ਯੋਜਨਾ ਸੂਬੇ ਦੇ ਲੋਕਾਂ ਦੇ ਜੀਵਨ ਵਿਚ ਉਜਾਲਾ ਭਰਨ ਦਾ ਕੰਮ ਕਰੇਗੀ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਮੰਨਣਾ ਹੈ ਕਿ ਭਾਰਤ ਦੇਸ਼ ਅਤੇ ਉਰਜਾ ਦੇ ਖੇਤਰ ਵਿਚ ਇੰਨ੍ਹੇ ਕੰਮ ਕਰ ਸਕਦੀ ਹੈ ਜੋ ਹੋਰ ਦੇਸ਼ਾਂ ਲਈ ਇਕ ਮਿਸਾਲ ਹੋ ਸਕਦੀ ਹੈ। ਅੱਜ ਹਰਿਆਣਾ ਸੂਬੇ ਵਿਚ ਇਸ ਯੋਜਨਾ ਦੀ ਸ਼ੁਰੂਆਤ ਹੋ ਰਹੀ ਹੈ।

ਮੁੱਖ ਮੰਤਰੀ ਨੇ ਤੀਰਥ ਯਾਤਰਾ ਯੋਜਨਾ ਤਹਿਤ ਰਾਮਲੱਲਾ ਦੇ ਦਰਸ਼ਨ ਲਈ ਬੱਸ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ

ਚੰਡੀਗੜ੍ਹ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਸੋਮਵਾਰ ਨੂੰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੰਬਾਲਾ ਜਿਲ੍ਹਾ ਤੋਂ ਅਯੋਧਿਆ ਧਾਮ ਲਈ ਏਸੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਬੱਸ ਵਿਚ 38 ਤੀਰਥ ਯਾਤਰੀ ਸਵਾਰ ਸਨ, ਜੋ ਅਯੋਧਿਆ ਜਾਣਗੇ ਅਤੇ ਸ੍ਰੀ ਰਾਮ ਮੰਦਿਰ ਦੇ ਦਰਸ਼ਨ ਕਰਣਗੇ।

ਇਸ ਮੌਕੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਰਾਮ ਦੇ ਦਰਸ਼ਨਾਂ ਲਈ ਮਾਂ ਅੰਬਾ ਦੀ ਪਵਿੱਤਰ ਭੂਮੀ ਤੋਂ ਜੱਥਾ ਰਵਾਨਾ ਕੀਤਾ ਹੈ। ਇਕ ਲੰਬੇ ਸਮੇਂ ਬਾਅਦ ਅਯੋਧਿਆ ਵਿਚ ਭਗਵਾਨ ਸ੍ਰੀ ਰਾਮ ਦਾ ਵੱਡਾ ਅਤੇ ਸ਼ਾਨਦਾਰ ਮੰਦਿਰ ਬਣਿਆ ਹੈ ਜੋ ਸਾਡੇ ਲਈ ਖੁਸ਼ਕਿਸਮਤੀ ਦੀ ਗੱਲ ਹੈ। ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸੂਬੇ ਦੇ ਲੱਖਾਂ ਸ਼ਰਧਾਲੂ ਫਰੀ ਦੇਸ਼ ਦੇ ਮਹਤੱਵਪੂਰਨ ਤੀਰਥ ਸਥਾਨਾਂ ਦੇ ਦਰਸ਼ਨ ਕਰਣਗੇ। ਇਸ ਦੇ ਲਈ ਪੂਰੇ ਸੂਬੇ ਤੋਂ ਹੁਣ ਤਕ 7 ਏਸੀ ਵੋਲਵੋ ਬੱਸਾਂ ਸੂਬਾ ਸਰਕਾਰ ਵੱਲੋਂ ਰਵਾਨਾ ਕੀਤੀਆਂ ਜਾ ਚੁੱਕੀਆਂ ਹਨ ਅਤੇ ਸੈਕੜਿਆਂ ਯਾਤਰੀ ਅਯੋਧਿਆ ਸਮੇਤ ਹੋਰ ਤੀਰਥ ਸਥਾਨਾਂ ਦੇ ਦਰਸ਼ਨ ਕਰ ਚੁੱਕੇ ਹਨ। ਇਸ ਅਨੋਖੀ ਯੋਜਨਾ ਨਾਲ ਸ਼ਰਧਾਲੂਆਂ ਦੀ ਆਸਥਾ ਨੂੰ ਵੀ ਸਨਮਾਨ ਮਿਲ ਰਿਹਾ ਹੈ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਅਯੋਧਿਆ ਧਾਮ ਜਾ ਰਹੇ ਸ਼ਰਧਾਲੂਆਂ ਨਾਲ ਗਲਬਾਤ ਕੀਤੀ ਅਤੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਪੁਲਿਸ ਡੀਏਵੀ ਪਬਲਿਕ ਸਕੂਲ, ਅੰਬਾਲਾ ਸ਼ਹਿਰ ਦੇ ਪਰਿਸਰ ਤੋਂ ਸੂਚਨਾ, ਜਨ

ਚੰਡੀਗੜ੍ਹ ਦੇ ਚਾਰ ਪਿੰਡਾਂ ਦੀ 33 ਏਕੜ ਜ਼ਮੀਨ ਨੂੰ ਖੇਤੀ ਲਈ ਠੇਕੇ 'ਤੇ ਦੇਵੇਗਾ ਨਿਗਮ

ਚੰਡੀਗੜ੍ਹ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਚੰਡੀਗੜ੍ਹ ਨਗਰ ਨਿਗਮ ਨੇ ਨਿਗਮ ਦੀ ਆਮਦਨ ਵਧਾਉਣ ਲਈ ਸ਼ਹਿਰ ਦੇ ਚਾਰ ਪਿੰਡਾਂ ਵਿੱਚ ਸਥਿਤ 33 ਏਕੜ ਜ਼ਮੀਨ ਨੂੰ ਠੇਕੇ 'ਤੇ ਦੇਣ ਦਾ ਫ਼ੈਸਲਾ ਕੀਤਾ ਹੈ। ਨਿਗਮ ਨੇ ਠੇਕੇ 'ਤੇ ਦੇਣ ਲਈ ਪਿੰਡ ਚਾਹਰ ਤਰਫ਼ ਬੁੜੈਲ ਦੀ 5.75 ਏਕੜ ਨੂੰ 30 ਹਜ਼ਾਰ ਰੁਪਏ, ਖੁੱਡਾ ਲਾਹੌਰਾ ਦੀ 15.5 ਏਕੜ ਨੂੰ 25 ਹਜ਼ਾਰ ਰੁਪਏ, ਖੁੱਡਾ ਅਲੀਸ਼ੇਰ ਦੀ 5 ਏਕੜ ਨੂੰ 35 ਹਜ਼ਾਰ ਰੁਪਏ ਅਤੇ ਡੱਡੂਮਾਜਰਾ ਦੀ 7 ਏਕੜ ਜ਼ਮੀਨ ਨੂੰ 30 ਹਜ਼ਾਰ ਰੁਪਏ ਪ੍ਰਤੀ ਏਕੜ ਸਾਲਾਨਾ ਠੇਕੇ 'ਤੇ ਦੇਣ ਲਈ ਚੋਣ ਕੀਤੀ ਹੈ। ਇਸ ਨੂੰ ਨਗਰ ਨਿਗਮ ਦੀ 11 ਜੂਨ ਨੂੰ ਹੋਈ ਮੀਟਿੰਗ ਵਿੱਚ ਪ੍ਰਵਾਨਗੀ ਦਿੱਤੀ ਗਈ ਹੈ। ਨਗਰ ਨਿਗਮ ਨੇ ਜ਼ਮੀਨ ਨੂੰ ਨਿਲਾਮੀ 'ਤੇ

ਦੇਣ ਲਈ 21 ਜੂਨ ਨੂੰ ਨਗਰ ਨਿਗਮ ਵਿੱਚ ਖੁੱਲ੍ਹੀ ਨਿਲਾਮੀ ਰੱਖੀ ਹੈ, ਜਿੱਥੇ ਨਿਲਾਮੀ ਤੋਂ ਬਾਅਦ ਜ਼ਮੀਨ ਅਲਾਟ ਕੀਤੀ ਜਾਵੇਗੀ।

ਸੀਨੀਅਰ ਡਿਪਟੀ ਮੇਅਰ ਵੱਲੋਂ ਜ਼ਮੀਨ ਠੇਕੇ 'ਤੇ ਦੇਣ ਦਾ ਵਿਰੋਧ

ਚੰਡੀਗੜ੍ਹ ਦੇ ਸੀਨੀਅਰ ਡਿਪਟੀ ਮੇਅਰ ਕੁਲਜੀਤ ਸਿੰਘ ਸੰਧੂ ਨੇ ਨਗਰ ਨਿਗਮ ਵੱਲੋਂ ਚਾਰ ਪਿੰਡਾਂ ਦੀ 33 ਏਕੜ ਜ਼ਮੀਨ ਨੂੰ ਖੇਤੀਬਾੜੀ ਲਈ ਠੇਕੇ 'ਤੇ ਦੇਣ ਦੇ ਫ਼ੈਸਲੇ ਦਾ ਵਿਰੋਧ ਕੀਤਾ ਹੈ। ਇਸ ਲਈ ਸ੍ਰੀ ਸੰਧੂ ਨੇ ਯੂਟੀ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੂੰ ਪੱਤਰ ਵੀ ਲਿਖਿਆ ਹੈ। ਸ੍ਰੀ ਸੰਧੂ ਨੇ ਕਿਹਾ ਕਿ 'ਆਪ' ਤੇ ਕਾਂਗਰਸ ਵੱਲੋਂ ਪਿੰਡਾਂ ਦੀ ਜ਼ਮੀਨ ਨੂੰ ਹੜੱਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਪਿੰਡਾਂ ਦੀ ਜ਼ਮੀਨ ਨੂੰ ਇਸੇ ਤਰ੍ਹਾਂ ਦੱਬਣ ਦੀ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਜਿਸ ਨੂੰ ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਖਾਲੀ ਕਰਵਾਇਆ ਗਿਆ ਹੈ। ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਕਰੋੜਾਂ ਰੁਪਏ ਦੀ ਜ਼ਮੀਨ ਨੂੰ ਕੌਢੀਆਂ ਦੇ ਭਾਅ 'ਤੇ ਨਹੀਂ ਦੇਣ ਦਿੱਤਾ ਜਾਵੇਗਾ।

ਕਰੋੜਾਂ ਦੀ ਜ਼ਮੀਨ ਨੂੰ ਮੁਫ਼ਤ ਦੇ ਭਾਅ ਨਾ ਦਿੱਤਾ ਜਾਵੇ: ਗਰਗ

'ਆਪ' ਚੰਡੀਗੜ੍ਹ ਦੇ ਸੀਨੀਅਰ ਆਗੂ ਪ੍ਰੇਮ ਗਰਗ ਨੇ ਪਿੰਡਾਂ ਦੀ ਜ਼ਮੀਨ ਨੂੰ ਠੇਕੇ 'ਤੇ ਦੇਣ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ 200 ਕਰੋੜ ਰੁਪਏ ਦੀ ਜ਼ਮੀਨ ਨੂੰ ਮੁਫ਼ਤ ਦੇ ਭਾਅ ਵਿੱਚ ਠੇਕੇ 'ਤੇ ਦੇਣ ਦਾ ਫ਼ੈਸਲਾ ਗ਼ਲਤ ਹੈ। ਉਨ੍ਹਾਂ ਕਿਹਾ ਕਿ ਨਿਗਮ ਅਧਿਕਾਰੀ ਭੂਮੀ ਮਾਫੀਆ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਹਨ। ਇਹ ਜ਼ਮੀਨ ਠੇਕੇ 'ਤੇ ਦੇਣ ਦੇ ਨਾਂ 'ਤੇ ਦੱਬਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਨਿਗਮ ਅਧੀਨ ਆਈ ਜ਼ਮੀਨ ਦਾ ਕੁਲੈਕਟਰ ਰੇਟ ਵਧਾਇਆ ਜਾਵੇ: ਸਿੱਧੂ

ਨਾਮਜ਼ਦ ਕੌਂਸਲਰ ਸਤਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਨਿਗਮ ਵੱਲੋਂ ਚਾਰ ਪਿੰਡਾਂ ਦੀ ਜ਼ਮੀਨ ਠੇਕੇ 'ਤੇ ਦੇਣ ਤੋਂ ਸਪਸ਼ਟ ਹੋ ਗਿਆ ਹੈ ਕਿ ਚੰਡੀਗੜ੍ਹ ਦੇ ਪਿੰਡਾਂ ਦੀ ਜ਼ਮੀਨ ਨਗਰ ਨਿਗਮ ਦੇ ਅਧੀਨ ਹੈ। ਇਸ ਲਈ ਚੰਡੀਗੜ੍ਹ ਦੇ ਸਾਰੇ ਪਿੰਡਾਂ ਦੀ ਜ਼ਮੀਨਾਂ ਦਾ ਕੁਲੈਕਟਰ ਰੇਟ ਸ਼ਹਿਰਾਂ ਦੀ ਤਰਜ਼ 'ਤੇ ਵਧਾਇਆ ਜਾਵੇ।

ਸਾਬਕਾ ਪੁਲਿਸ ਮੁਲਾਜ਼ਮਾਂ ਵੱਲੋਂ ਨਵੀਂ ਤਬਾਦਲਾ ਨੀਤੀ ਦਾ ਵਿਰੋਧ

ਪਟਿਆਲਾ ਵਿਚ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਪੁਲੀਸ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਸੁਖਵਿੰਦਰ ਸੈਣੀ, ਜਨਰਲ ਸਕੱਤਰ ਮਹਿੰਦਰ ਮਨੌਲੀ ਨਾਹਰ ਸਿੰਘ ਮਾਜਰੀ ਤੇ ਹੋਰ।

ਪਟਿਆਲਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪੁਲੀਸ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸੈਣੀ (ਰਿਟਾ ਡੀਐਸਪੀ) ਦੀ ਅਗਵਾਈ ਹੇਠ ਪਟਿਆਲਾ ਵਿੱਚ ਹੋਈ। ਇਸ ਮੀਟਿੰਗ ਵਿੱਚ ਸੂਬਾ ਜਨਰਲ ਸਕੱਤਰ ਇੰਸਪੈਕਟਰ ਮਹਿੰਦਰ ਸਿੰਘ ਮਨੌਲੀਸੂਰਤ, ਗੁਰਨਾਮ ਮਹਿਰਾ, ਮਨਜੀਤ ਬਰਾੜ, ਨਾਹਰ ਸਿੰਘ ਮਾਜਰੀ, ਪ੍ਰੇਮ ਚੰਦ ਪੰਜੋਲਾ, ਕਰਨੈਲ ਸਿੰਘ, ਬਾਬੂ ਰਾਮ ਤੇ ਇੰਸਪੈਕਟਰ ਕੁਲਦੀਪ ਸੋਖੋਂ ਆਦਿ ਨੇ ਸ਼ਿਰਕਤ ਕੀਤੀ। ਇਸ ਦੌਰਾਨ ਸਿਪਾਹੀ ਤੋਂ ਲੈ ਕੇ ਇੰਸਪੈਕਟਰ ਤੱਕ ਦੇ ਕਰਮਚਾਰੀਆਂ ਦੇ ਅੰਤਰ ਜ਼ਿਲ੍ਹਾ ਤਬਾਦਲਿਆਂ ਸਬੰਧੀ ਨਵੀਂ ਨੀਤੀ ਨੂੰ ਮੁਲਾਜ਼ਮ ਵਿਰੋਧੀ ਦੱਸਦਿਆਂ, ਪੰਜਾਬ ਸਰਕਾਰ ਤੋਂ ਇਹ ਨੀਤੀ ਵਾਪਸ ਲੈਣ ਦੀ ਮੰਗ ਕੀਤੀ।

ਇੰਸ: ਮਹਿੰਦਰ ਸਿੰਘ ਮਨੌਲੀ ਨੇ ਦੱਸਿਆ ਕਿ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ ਦੇ ਬੈਨਰ ਹੇਠ ਮੁਲਾਜ਼ਮਾਂ ਦੀਆਂ ਅੰਤਰ ਜ਼ਿਲ੍ਹਾ ਬਦਲੀਆਂ ਕਰਕੇ ਧੱਕਾ ਕੀਤਾ ਹੈ। ਇਸ ਮੀਟਿੰਗ ਵਿੱਚ ਮੰਗ ਕੀਤੀ ਗਈ ਕਿ ਠੋਸ ਉਪਰਾਲੀਆਂ ਨਾਲ ਹੀ ਨਸ਼ੇ ਦਾ ਖਾਤਮਾ ਹੋ ਸਕਦਾ ਹੈ।

ਨਸ਼ਿਆਂ ਨੂੰ ਖ਼ਤਮ ਕਰਨ ਲਈ ਮੁਲਜ਼ਮਾਂ 'ਤੇ ਗੁੱਸਾ ਕੱਢਣ ਦੀ ਬਜਾਏ ਸਰਕਾਰ ਹਲਕਾ ਵਿਧਾਇਕਾਂ, ਇੰਚਾਰਜਾਂ ਅਤੇ ਅਹੁਦੇਦਾਰਾਂ ਦੀ ਜ਼ਿੰਮੇਵਾਰੀ ਤੈਅ ਕਰੇ ਤੇ ਉਹ ਆਪੋ ਆਪਣੇ ਏਰੀਏ ਵਿਚ ਨਸ਼ਾ ਖ਼ਤਮ ਕਰਨ ਲਈ ਥਾਣਾ ਮੁਖੀ ਅਤੇ ਹਲਕਾ ਡੀਐੱਸਪੀ ਨਾਲ ਤਾਲਮੇਲ ਕਰਕੇ ਪ੍ਰਸ਼ਾਸਨ ਦੀ ਮੱਦਦ ਕਰਨ। ਐਸੋਸੀਏਸ਼ਨ ਨੇ ਸਰਕਾਰ ਨੂੰ ਸੁਝਾਅ ਦਿੱਤਾ ਕਿ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਜਾਣ, ਨਸ਼ਾ ਵੇਚਣ ਵਾਲਿਆਂ ਦੀ ਨਿਸ਼ਾਨਦੇਹੀ ਕਰਕੇ ਕੇਸ ਦਰਜ ਕੀਤੇ ਜਾਣ, ਨਸ਼ਾ ਤਸਕਰਾਂ ਖਿਲਾਫ ਕਾਰਵਾਈ ਲਈ ਹੌਲਦਾਰ ਰੈਂਕ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਦੇ ਅਧਿਕਾਰੀਆਂ ਨੂੰ ਵਾਧੂ ਸ਼ਕਤੀਆਂ ਪ੍ਰਦਾਨ ਕੀਤੀਆਂ ਜਾਣ ਤੇ ਐੱਸਟੀਐੱਫ ਦੀਆਂ ਸ਼ਕਤੀਆਂ ਵੀ ਵਧਾਈਆਂ ਜਾਣ। ਜੇਕਰ ਪੁਲੀਸ ਦਾ ਕੋਈ ਕਰਮਚਾਰੀ ਜਾਂ ਅਧਿਕਾਰੀ ਨਸ਼ਾ ਤਸਕਰਾ ਨਾਲ ਗੰਢਤੁੱਪ ਕਰਦਾ ਹੈ, ਤਾਂ ਕਾਰਵਾਈ ਕੀਤੀ ਜਾਵੇ। ਇਸ ਮੀਟਿੰਗ ਵਿਚ ਸਪੈਸ਼ਲ ਮਤੇ ਰਾਹੀਂ ਸਰਕਾਰ ਅਤੇ ਡੀਜੀਪੀ ਤੋਂ ਮੰਗ ਕੀਤੀ ਗਈ ਕਿ ਨਵੀਂ ਤਬਾਦਲਾ ਨੀਤੀ 'ਤੇ ਮੁੜ ਵਿਚਾਰ ਕੀਤਾ ਜਾਵੇ।

ਗਿਆਨਦੀਪ ਮੰਚ ਵੱਲੋਂ 'ਪਿਤਾ ਦਿਵਸ' ਨੂੰ ਸਮਰਪਿਤ ਸਮਾਗਮ

ਪਟਿਆਲਾ ਵਿਚ ਸਮਾਗਮ 'ਚ ਹਾਜ਼ਰ ਸਾਹਿਤਕਾਰ।

ਪਟਿਆਲਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਗਿਆਨਦੀਪ ਸਾਹਿਤ ਸਾਧਨਾ ਮੰਚ ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿਖੇ ਇੱਕ ਸਾਹਿਤਕ ਸਮਾਗਮ ਰਚਾਇਆ ਗਿਆ। ਡਾ. ਜੀਐੱਸ ਅਨੰਦ ਦੀ ਪ੍ਰਧਾਨਗੀ ਵਿੱਚ ਹੋਇਆ ਇਹ ਸਮਾਗਮ 'ਪਿਤਾ ਦਿਵਸ' ਨੂੰ ਸਮਰਪਿਤ ਰਿਹਾ। ਡਾ. ਅਨੰਦ ਨੇ ਪੰਜਾਬ ਵਿੱਚ ਨਸ਼ਿਆਂ ਨੂੰ ਖਤਮ ਕਰਨ ਲਈ ਲੇਖਕਾਂ ਬੁੱਧੀਜੀਵੀਆਂ ਨੂੰ ਅੱਗੇ ਆਉਣ ਲਈ ਸੱਦਾ ਦਿੱਤਾ। ਇਸ ਮੌਕੇ ਬਲਬੀਰ ਜਲਾਲਾਬਾਦੀ, ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ, ਪਰਵਿੰਦਰ ਸ਼ੇਖ, ਡਾ. ਲਕਸ਼ਮੀ ਨਰਾਇਣ, ਡਾ. ਗੁਰਵਿੰਦਰ ਅਮਨ ਅਤੇ ਡਾ ਹਰਪ੍ਰੀਤ ਰਾਣਾ ਨੇ ਵੀ ਵਿਚਾਰ ਸਾਂਝੇ ਕੀਤੇ।ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਕਵੀਆਂ ਵਿੱਚੋਂ ਕੁਲਦੀਪ ਜੋਧਪੁਰੀ, ਗੁਰਪ੍ਰੀਤ ਢਿੱਲੋਂ, ਦਰਸ਼ ਪਸਿਆਣਾ, ਨਵਦੀਪ ਮੁੰਡੀ, ਗੁਰਚਰਨ ਸਿੰਘ ਚੰਨ ਪਟਿਆਲਵੀ, ਕੁਲਵੰਤ ਸੈਦੋਕੇ,ਹਰਦੀਪ ਸੱਭਰਵਾਲ, ਜਸਵਿੰਦਰ ਖਾਰਾ, ਸੰਤ ਸਿੰਘ ਸੋਹਲ, ਤਜਿੰਦਰ ਅਨਜਾਨਾ, ਡਾ. ਜਗਦੇਵ ਕੁਮਾਰ ਸਿੰਘ, ਬਲਬੀਰ ਸਿੰਘ ਦਿਲਦਾਰ, ਸਰਵਣ ਕੁਮਾਰ ਵਰਮਾ, ਸੁਭਾਸ਼ ਮਲਕ, ਅੰਗਰੇਜ਼ ਵਿਰਕ, ਕੁਲਵੰਤ ਖਨੌਰੀ, ਮੰਗਤ ਖਾਨ, ਹਰੀ ਸਿੰਘ ਚਮਕ, ਕੁਲਦੀਪ ਕੌਰ ਧੰਜੂ, ਬਲਵੰਤ ਸਿੰਘ ਬੱਲੀ, ਰਾਮ ਸਿੰਘ ਬੰਗ, ਡਾ ਇੰਦਰ ਪਾਲ ਕੌਰ ਤੇ ਹੋਰ ਹਾਜ਼ਰ ਸਨ।

ਖੇਤਾਂ 'ਚੋਂ ਬਿਜਲੀ ਦੀਆਂ ਤਾਰਾਂ ਚੋਰੀ ਕਰਨ ਦੇ ਦੋਸ਼ ਹੇਠ ਮਾਂ-ਪੁੱਤਰ ਸਣੇ ਤਿੰਨ ਖ਼ਿਲਾਫ਼ ਕੇਸ ਦਰਜ

ਸਮਾਣਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਖੇਤਾਂ ਵਿਚੋਂ ਮੋਟਰਾਂ ਦੀਆਂ ਤਾਰਾਂ ਚੋਰੀ ਕਰਨ ਦੇ ਦੋਸ਼ ਹੇਠ ਮਵੀਕਲਾਂ ਪੁਲੀਸ ਨੇ ਮਾਂ-ਪੁੱਤਰ ਸਣੇ ਤਿੰਨ ਜਣਿਆਂ ਖ਼ਿਲਾਫ਼ ਕੇਸ ਦਰਜ ਕਰਕੇ ਦੋ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਹੈ। ਮੁਲਜ਼ਮਾਂ ਵਿੱਚ ਗੁਰਪ੍ਰੀਤ ਸਿੰਘ ਨਿਵਾਸੀ ਪਿੰਡ ਕੁਲਾਰਾਂ, ਲਵਪ੍ਰੀਤ ਸਿੰਘ ਨਿਵਾਸੀ ਪਿੰਡ ਪ੍ਰੇਮ ਸਿੰਘ ਵਾਲਾ ਅਤੇ ਉਸ ਦੀ ਮਾਤਾ ਬਲਜੀਤ ਕੌਰ ਸ਼ਾਮਲ ਹਨ।

ਫਿਲਹਾਲ ਔਰਤ ਫਰਾਰ ਦੱਸੀ ਜਾ ਰਹੀ ਹੈ। ਜਾਂਚ ਅਧਿਕਾਰੀ ਹਰਦੀਪ ਸਿੰਘ ਵਿਰਕ ਨੇ ਦੱਸਿਆ ਕਿ ਬਲਜੀਤ ਸਿੰਘ ਨਿਵਾਸੀ ਪਿੰਡ ਪ੍ਰੇਮ ਸਿੰਘ ਵਾਲਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਅਨੁਸਾਰ 15-16 ਜੂਨ ਦੀ ਦਰਮਿਆਨੀ ਰਾਤ ਨੂੰ ਉਸ ਦੇ ਖੇਤਾਂ ਵਿਚ ਲੱਗੀ ਬਿਜਲੀ ਮੋਟਰਾਂ ਦੀ ਕਬੀਰ 375 ਮੀਟਰ ਤਾਰਾਂ ਕੱਟ ਕੇ ਚੋਰੀ ਕਰ ਲਈਆਂ ਗਈਆਂ।

ਜਾਂਚ ਦੌਰਾਨ ਮੋਟਰਸਾਈਕਲ ਸਵਾਰ ਮੁਲਜ਼ਮ ਗੁਰਪ੍ਰੀਤ ਸਿੰਘ ਅਤੇ ਲਵਪ੍ਰੀਤ ਸਿੰਘ ਨੂੰ ਥੈਲੇ ਵਿੱਚ ਭਰ ਕੇ ਚੋਰੀ ਕੀਤੀ ਗਈ ਬਿਜਲੀ ਤਾਰ ਵੇਚਣ ਜਾਂਦੇ ਸਮੇਂ ਕਾਬੂ ਕਰ ਲਿਆ ਗਿਆ। ਮੁਲਜ਼ਮਾਂ ਨੂੰ ਦਾਲਤ ਵਿਚ ਪੇਸ਼ ਕਰਕੇ ਪੁੱਛ-ਪੜਤਾਲ ਲਈ ਰਿਮਾਂਡ 'ਤੇ ਲਿਆ ਜਾਵੇਗਾ। ਉਨ੍ਹਾਂ ਆਖਿਆ ਮੁਲਜ਼ਮਾਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਫਰਾਰ ਮੁਲਜ਼ਮ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ।

ਧਰਮਵੀਰ ਗਾਂਧੀ ਵੱਲੋਂ ਬਿਜਲੀ ਦਰਾਂ 'ਚ ਵਾਧੇ ਦਾ ਵਿਰੋਧ

ਪਟਿਆਲਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਬਿਜਲੀ ਦੀਆਂ ਦਰਾਂ ਵਿੱਚ ਵਾਧੇ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਆਮ ਪਰਿਵਾਰ ਤੇ ਮੱਧਮ ਕਾਰੋਬਾਰੀਆਂ ਨੂੰ ਸਹਾਇਤਾ ਦੀ ਲੋੜ ਹੈ, ਵਾਧੂ ਤਣਾਅ ਦੀ ਨਹੀਂ। ਉਨ੍ਹਾਂ ਕਿਹਾ ਕਿ ਇਸ ਲੋਕ ਵਿਰੋਧੀ ਕਦਮ ਵਿੱਚ ਸਰਕਾਰ ਘਰੇਲੂ ਖਪਤਕਾਰਾਂ ਨੂੰ 300 ਯੂਨਿਟ ਦੀ ਛੋਟ ਦੀ ਪੇਸ਼ਕਸ਼ ਕਰ ਰਹੀ ਹੈ ਪਰ ਨਾਲ ਹੀ ਦਰਾਂ ਵਿੱਚ 0.30 ਰੁਪਏ ਪ੍ਰਤੀ ਯੂਨਿਟ ਦਾ ਵਾਧਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਦਰਸ਼ੀ ਅਤੇ ਟਿਕਾਊ ਨੀਤੀਆਂ ਦੀ ਲੋੜ ਹੈ ਜੋ ਅਸਲ ਵਿੱਚ ਆਮ ਲੋਕਾਂ ਤੇ ਵਪਾਰਕ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ। ਇਹ ਸਮਾਂ ਥੋੜ੍ਹੇ ਸਮੇਂ ਦੇ ਸਿਆਸੀ ਲਾਭ ਨਾਲੋਂ ਲੋਕਾਂ ਦੀ ਭਲਾਈ ਨੂੰ ਤਰਜੀਹ ਦੇਣ ਦਾ ਹੈ। ਡਾ. ਗਾਂਧੀ ਨੇ ਕਿਹਾ ਕਿ

ਵਿਰੋਧੀ ਪਾਰਟੀਆਂ ਨੂੰ ਇਸ ਮੁੱਦੇ 'ਤੇ ਇਕਜੁੱਟ ਹੋ ਕੇ ਵਾਧੇ ਨੂੰ ਵਾਪਸ ਲੈਣ ਦੀ ਮੰਗ ਕਰਨੀ ਚਾਹੀਦੀ ਹੈ। ਇਸ ਮੌਕੇ ਸਾਬਕਾ ਕੌਂਸਲਰਾਂ 'ਚ ਹਰਦੀਪ ਸਿੰਘ ਖਹਿਰਾ ਤੇ ਕਾਂਗਰਸੀ ਆਗੂ ਸੁਖਦੇਵ ਸਿੰਘ ਆਦਿ ਹਾਜ਼ਰ ਸਨ।

ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਕੌਮੀ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ ਬੂਟਾ ਸਿੰਘ ਸ਼ਾਦੀਪੁਰ ਨੇ ਪੰਜਾਬ ਸਰਕਾਰ ਵੱਲੋਂ ਹਾਲ ਹੀ 'ਚ ਬਿਜਲੀ ਬਿਲਾਂ ਦੀਆਂ ਦੀਆਂ ਦਰਾਂ 'ਚ ਕੀਤੇ ਗਏ ਵਾਧੇ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਲੋਕ ਤਾਂ ਪਹਿਲਾਂ ਹੀ ਮਹਿੰਗਾਈ ਨੇ ਪੀਸੇ ਪਏ ਹਨ, ਉਪਰੋਂ ਪੰਜਾਬ ਸਰਕਾਰ ਨੇ ਬਿਜਲੀ ਬਿੱਲਾਂ 'ਚ ਵਾਧਾ ਕਰਕੇ ਉਨ੍ਹਾਂ 'ਤੇ ਹੋਰ ਬੋਝ ਪਾ ਦਿੱਤਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਇੰਜ ਲੱਗਦਾ ਹੈ ਕਿ ਪੰਜਾਬ ਸਰਕਾਰ ਨੇ ਲੋਕ ਸਭਾ ਚੋਣਾਂ 'ਚ 'ਆਪ' ਦੀ ਹੋਈ ਹਾਰ ਦਾ ਲੋਕਾਂ ਤੋਂ ਬਦਲਾ ਲੈਣ ਲਈ ਹੀ ਬਿਜਲੀ ਬਿੱਲਾਂ ਦੀਆਂ ਦਰਾਂ 'ਚ ਇਹ ਵਾਧਾ ਕੀਤਾ ਹੈ।

ਅਕਾਲੀ ਕੌਰ ਸਿੰਘ ਲਾਇਬਰੇਰੀ ਲਈ ਬਡੂੰਗਰ ਵੱਲੋਂ ਪੁਸਤਕਾਂ ਭੇਟ

ਪਟਿਆਲਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੀ ਜਥੇਦਾਰ ਅਕਾਲੀ ਕੌਰ ਸਿੰਘ ਲਾਇਬਰੇਰੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਪੁਸਤਕਾਂ ਭੇਟ ਕੀਤੀਆਂ ਗਈਆਂ। ਪ੍ਰੋ. ਬਡੂੰਗਰ ਵੱਲੋਂ ਖਾਲਸਾ ਕਾਲਜ ਪਟਿਆਲਾ ਦੀ ਲਾਇਬਰੇਰੀ, ਬੀਐਨ ਖਾਲਸਾ ਸਕੂਲ ਤੇ ਜਥੇਦਾਰ ਅਕਾਲੀ ਕੌਰ ਸਿੰਘ ਲਈ 3000 ਦੇ ਕਰੀਬ ਪੁਸਤਕਾਂ ਭੇਟ ਕੀਤੀਆਂ ਜਾ ਚੁੱਕੀਆਂ। ਗੁਰਦੁਆਰਾ ਪ੍ਰਬੰਧਕ ਮੈਨੇਜਰ ਕਰਨੈਲ ਸਿੰਘ ਵਿਰਕ ਨੂੰ ਧਾਰਮਿਕ ਪੁਸਤਕਾਂ ਭੇਟ ਕਰਨ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅਜੋਕੀ ਪੀੜ੍ਹੀ ਲਈ ਪੁਸਤਕਾਂ ਗਿਆਨ ਦਾ ਸੋਮਾ ਹਨ। ਉਨ੍ਹਾਂ ਕਿਹਾ ਕਿ ਆਧੁਨਿਕ ਯੁੱਗ ਵਿੱਚ ਅਜੋਕੀ ਪੀੜ੍ਹੀ

ਪਟਿਆਲਾ ਵਿਚ ਪੁਸਤਕਾਂ ਭੇਟ ਕਰਦੇ ਹੋਏ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ।

ਮੋਬਾਈਲ ਕਲਚਰ ਦਾ ਸ਼ਿਕਾਰ ਹੋ ਚੁੱਕੀ ਹੈ ਜਿਸ ਨਾਲ ਪੁਸਤਕਾਂ ਦੇ ਗਿਆਨ ਤੋਂ ਵਾਂਝੀ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਪੁਸਤਕਾਂ ਦੇ ਗਿਆਨ ਨਾਲ ਜੁੜਨਾ ਅੱਜ ਸਭ ਤੋਂ ਵੱਡੀ ਲੋੜ ਹੈ ਅਤੇ ਅਜੋੜ ਕੀ ਪੀ

ਨੀਟ ਮਾਮਲਾ: ਜੇ 0.001% ਲਾਪ੍ਰਵਾਹੀ ਹੈ ਤਾਂ ਇਸ ਨਾਲ ਨਜਿੱਠਿਆ ਜਾਵੇ: ਸੁਪਰੀਮ ਕੋਰਟ ਨੇ ਐੱਨਟੀਏ ਨੂੰ ਖਿੱਚਿਆ

ਨਵੀਂ ਦਿੱਲੀ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਮੈਡੀਕਲ ਦਾਖਲਾ ਪ੍ਰੀਖਿਆ ਨੀਟ-ਯੂਜੀ 2024 ਬਾਰੇ ਅੱਜ ਸੁਪਰੀਮ ਕੋਰਟ 'ਚ ਮੁੜ ਸੁਣਵਾਈ ਹੋਈ। ਇਸ ਦੌਰਾਨ ਸੁਪਰੀਮ ਕੋਰਟ ਨੇ ਕੌਮੀ ਪ੍ਰੀਖਿਆ ਏਜੰਸੀ (ਐੱਨਟੀਏ) ਨੂੰ ਝਾੜ ਪਾਉਂਦਿਆ ਕਿਹਾ, 'ਜੇ ਕਿਸੇ ਵੱਲੋਂ ਵੀ 0.001 ਫ਼ੀਸਦ ਵੀ ਲਾਪ੍ਰਵਾਹੀ ਹੋਈ ਹੈ ਤਾਂ ਉਸ ਨਾਲ ਪੂਰੀ ਤਰ੍ਹਾਂ ਨਜਿੱਠਿਆ ਜਾਵੇ। ਬੱਚਿਆਂ ਨੇ ਪ੍ਰੀਖਿਆ ਦੀ ਤਿਆਰੀ ਕੀਤੀ ਹੈ ਤੇ ਉਨ੍ਹਾਂ ਦੀ ਮਿਹਨਤ ਨੂੰ ਨਹੀਂ ਭੁੱਲ ਸਕਦੇ। ਸੁਪਰੀਮ ਕੋਰਟ ਇਹ ਗੱਲ ਉਦੋਂ ਕਹੀ ਜਦੋਂ ਉਹ ਸਾਰੇ ਵਿਦਿਆਰਥੀਆਂ ਲਈ ਨੀਟ 2024 ਨੂੰ ਰੱਦ ਕਰਨ ਅਤੇ ਨੀਟ ਦੁਬਾਰਾ ਕਰਵਾਉਣ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਸੀ। ਇਸ ਦੌਰਾਨ ਅਦਾਲਤ ਨੇ ਐੱਨਟੀਏ ਨੂੰ ਕਿਹਾ, 'ਪ੍ਰੀਖਿਆ ਕਰਵਾਉਣ ਵਾਲੀ ਏਜੰਸੀ ਹੋਣ ਦੇ ਨਾਤੇ ਤੁਹਾਨੂੰ ਨਿਰਪੱਖ ਹੋਣਾ ਚਾਹੀਦਾ ਹੈ। ਜੇ ਕੋਈ ਗਲਤੀ ਹੋਈ ਹੈ ਤਾਂ ਗਲਤੀ ਮੰਨੋ ਅਤੇ ਦੱਸੋ ਅਸੀਂ ਇਹ ਕਾਰਵਾਈ ਕਰ ਰਹੇ ਹਾਂ। ਘੱਟੋ-ਘੱਟ ਇਸ ਨਾਲ ਤੁਹਾਡੇ 'ਤੇ ਲੋਕਾਂ ਦਾ ਭਰੋਸਾ ਵਧੇਗਾ।' ਜਸਟਿਸ ਵਿਕਰਮ ਨਾਥ ਅਤੇ ਜਸਟਿਸ ਐੱਸਵੀਐੱਨ ਭੱਟੀ ਦੇ ਛੁੱਟੀ ਵਾਲੇ ਬੈਂਚ ਨੇ ਕੇਂਦਰ ਸਰਕਾਰ ਅਤੇ ਨੈਸ਼ਨਲ ਟੈਸਟਿੰਗ ਏਜੰਸੀ (ਐੱਨਟੀਏ) ਵੱਲੋਂ ਪੇਸ਼ ਹੋਏ ਵਕੀਲਾਂ ਨੂੰ ਕਿਹਾ, 'ਸੋਚੋ ਵਿਵਸਥਾ ਨਾਲ ਧੋਖਾਧੜੀ ਕਰਨ ਵਾਲਾ ਕੋਈ ਡਾਕਟਰ ਬਣ ਜਾਂਦਾ ਹੈ। ਉਹ ਸਮਾਜ ਲਈ ਕਿੰਨਾ ਖਤਰਨਾਕ ਹੈ।'

ਬੈਂਚ ਨੇ ਐੱਨਟੀਏ ਦੇ ਵਕੀਲਾਂ ਨੂੰ ਕਿਹਾ, ਪ੍ਰੀਖਿਆ ਕਰਵਾਉਣ ਲਈ ਜ਼ਿੰਮੇਵਾਰ ਏਜੰਸੀ ਦੀ ਪ੍ਰਤੀਨਿਧਤਾ ਕਰਦੇ ਹੋਏ, ਤੁਹਾਨੂੰ ਦ੍ਰਿੜ ਰਹਿਣਾ ਚਾਹੀਦਾ ਹੈ। ਜੇ ਕੋਈ ਗਲਤੀ ਹੈ, ਤਾਂ ਹਾਂ ਇਹ ਗਲਤੀ ਹੈ ਅਤੇ ਅਸੀਂ ਇਹ ਕਾਰਵਾਈ ਕਰਨ ਜਾ ਰਹੇ ਹਾਂ। ਇਸ ਨਾਲ ਘੱਟੋ-ਘੱਟ ਤੁਹਾਡੇ ਕੰਮ 'ਤੇ ਵਿਸ਼ਵਾਸ ਦਾ ਪੈਦਾ ਹੋਵੇਗਾ।" ਅਧਿਕਾਰੀਆਂ ਦੁਆਰਾ ਸਮੇਂ ਸਿਰ ਕਾਰਵਾਈ ਕਰਨ 'ਤੇ ਜ਼ੋਰ ਦਿੰਦੇ ਸਿਖਰਲੀ ਅਦਾਲਤ ਨੇ ਕਿਹਾ ਕਿ ਇਨ੍ਹਾਂ ਪਟੀਸ਼ਨਾਂ 'ਤੇ ਹੋਰ ਲੰਬਿਤ ਪਟੀਸ਼ਨਾਂ ਦੇ ਨਾਲ 8 ਜੁਲਾਈ ਨੂੰ ਸੁਣਵਾਈ ਕੀਤੀ ਜਾਵੇਗੀ। ਇਨ੍ਹਾਂ ਵਿੱਚ ਉਹ ਪਟੀਸ਼ਨਾਂ ਵੀ ਸ਼ਾਮਲ ਹਨ, ਜਿਨ੍ਹਾਂ ਵਿੱਚ ਇਮਤਿਹਾਨ ਨਵੇਂ ਸਿਰੇ ਤੋਂ ਕਰਵਾਉਣ ਲਈ ਹਦਾਇਤਾਂ ਮੰਗੀਆਂ ਗਈਆਂ ਹਨ। ਉਨ੍ਹਾਂ ਨੇ ਕਿਹਾ ਕਿ ਐੱਨਟੀਏ ਅਤੇ ਕੇਂਦਰ ਇਨ੍ਹਾਂ ਨਵੀਆਂ ਪਟੀਸ਼ਨਾਂ 'ਤੇ ਦੋ ਹਫ਼ਤਿਆਂ ਦੇ ਅੰਦਰ ਆਪਣਾ ਜਵਾਬ ਦਾਖ਼ਲ ਕਰਨਗੇ।

ਸੁਪਰੀਮ ਕੋਰਟ ਨੇ NEET-UG, 2024 ਵਿੱਚ ਕਥਿਤ ਬੇਨਿਯਮੀਆਂ ਦੀ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਤੋਂ ਜਾਂਚ ਕਰਵਾਉਣ ਦੀ ਬੇਨਤੀ ਕਰਨ ਵਾਲੀ ਪਟੀਸ਼ਨ 'ਤੇ ਪਿਛਲੇ ਹਫ਼ਤੇ ਕੇਂਦਰ ਅਤੇ ਐਨਟੀਏ ਤੋਂ ਜਵਾਬ ਮੰਗਿਆ ਸੀ। ਕੇਂਦਰ ਅਤੇ ਐਨਟੀਏ ਨੇ 13 ਜੂਨ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਉਨ੍ਹਾਂ ਨੇ MBBS ਅਤੇ ਹੋਰ ਅਜਿਹੇ ਕੋਰਸਾਂ ਵਿੱਚ ਦਾਖਲੇ ਲਈ ਪ੍ਰੀਖਿਆ ਦੇਣ ਵਾਲੇ 1,563 ਉਮੀਦਵਾਰਾਂ ਨੂੰ ਦੇਣ ਵਾਲੇ ਗ੍ਰੇਸ ਅੰਕਾਂ ਨੂੰ ਰੱਦ ਕਰ ਦਿੱਤਾ। ਕੇਂਦਰ ਨੇ ਅਦਾਲਤ ਨੂੰ ਕਿਹਾ ਸੀ ਕਿ ਇਨ੍ਹਾਂ ਉਮੀਦਵਾਰਾਂ ਕੋਲ ਜਾਂ ਤਾਂ ਦੁਬਾਰਾ ਹਾਜ਼ਰ ਹੋਣ ਜਾਂ ਅੰਕਾਂ ਨੂੰ ਹਟਾ ਕੇ ਪ੍ਰਾਪਤ ਕੀਤੇ ਅਸਲ ਅੰਕਾਂ ਦੇ ਆਧਾਰ 'ਤੇ ਨਤੀਜਾ ਸਵੀਕਾਰ ਕਰਨ ਦਾ ਵਿਕਲਪ ਹੋਵੇਗਾ।

ਮੁੱਖ ਮੰਤਰੀ ਵੱਲੋਂ ਪੁਲਿਸ ਅਫ਼ਸਰਾਂ ਨੂੰ ਆਦੇਸ਼; ਨਸ਼ਾ ਤਸਕਰਾਂ ਦੀ ਗ੍ਰਿਫ਼ਤਾਰੀ ਤੋਂ ਇਕ ਹਫ਼ਤੇ ਵਿੱਚ-ਵਿੱਚ ਜਾਇਦਾਦ ਜ਼ਬਤ ਕਰੋ

ਨਸ਼ਿਆਂ ਦੇ ਖ਼ਤਰੇ ਨਾਲ ਸਿੱਝਣ ਲਈ ਬਹੁ-ਦਿਸ਼ਾਵੀ ਰਣਨੀਤੀ ਬਣਾਈ

ਚੰਡੀਗੜ੍ਹ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਨਸ਼ਿਆਂ ਦੇ ਖ਼ਤਰੇ ਨਾਲ ਸਿੱਝਣ ਦੀ ਸੂਬਾ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚੋਂ ਇਸ ਸਰਾਪ ਦੇ ਖ਼ਾਤਮੇ ਲਈ ਪੰਜਾਬ ਸਰਕਾਰ ਨੇ ਬਹੁ-ਦਿਸ਼ਾਵੀ ਰਣਨੀਤੀ ਉਲੀਕੀ ਹੈ।

ਇੱਥੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਪੁਲਿਸਿੰਗ ਵਿੱਚ ਕਈ ਸੁਧਾਰ ਲਿਆਉਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੀਆਂ ਤਿਆਰੀਆਂ ਦੌਰਾਨ ਪੰਜਾਬ ਪੁਲਿਸ ਨੇ ਬਹੁਤ ਵੱਡੀ ਮਾਤਰਾ ਵਿੱਚ ਨਕਦੀ ਤੇ ਨਸ਼ੇ ਫੜੇ ਹਨ ਅਤੇ ਨਸ਼ਿਆਂ ਦੀ ਸਪਲਾਈ ਬਾਰੇ ਅਹਿਮ ਜਾਣਕਾਰੀਆਂ ਜੁਟਾਈਆਂ ਹਨ। ਉਨ੍ਹਾਂ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਕਈ ਹੇਠਲੇ ਪੱਧਰ ਦੇ ਪੁਲਿਸ ਮੁਲਾਜ਼ਮਾਂ ਦੀ ਨਸ਼ਾ ਤਸਕਰਾਂ ਨਾਲ ਗੰਢ-ਤੁੱਪ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਹਿਮ ਪਹਿਲਕਦਮੀ ਕਰਦਿਆਂ ਸੂਬਾ ਸਰਕਾਰ ਨੇ ਦਰਜਾਬੰਦੀ ਵਿੱਚ ਸੱਭ ਤੋਂ ਹੇਠਲੇ ਪੱਧਰ ਉਤੇ ਆਉਂਦੇ ਅਤੇ ਲੰਮੇ ਸਮੇਂ ਤੋਂ ਇਕੋ ਥਾਈਂ ਤਾਇਨਾਤ ਪੁਲਿਸ ਮੁਲਾਜ਼ਮਾਂ ਦੀਆਂ ਵੱਡੇ ਪੱਧਰ ਉਤੇ ਬਦਲੀਆਂ ਕੀਤੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਵੱਖ-ਵੱਖ ਡਿਵੀਜ਼ਨਾਂ ਵਿੱਚ ਤਾਇਨਾਤ 10 ਹਜ਼ਾਰ ਤੋਂ ਵੱਧ ਪੁਲਿਸ ਮੁਲਾਜ਼ਮਾਂ ਦੇ ਤਬਾਦਲੇ ਕੀਤੇ ਗਏ ਹਨ ਅਤੇ ਤਾਇਨਾਤੀਆਂ ਵਿੱਚ ਰੋਟੇਸ਼ਨ ਦੀ ਪ੍ਰਕਿਰਿਆ ਚੱਲ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਦੀ ਸਮਗਲਿੰਗ ਨੂੰ ਠੱਲ੍ਹ ਪਾਉਣ ਲਈ ਕਦਮ ਚੁੱਕਿਆ ਗਿਆ ਹੈ ਕਿਉਂਕਿ ਉਨ੍ਹਾਂ ਨੂੰ ਰਿਪੋਰਟਾਂ ਮਿਲੀਆਂ ਹਨ ਕਿ ਹੇਠਲੇ ਪੱਧਰ ਉਤੇ ਕਈ ਪੁਲਿਸ ਅਫ਼ਸਰਾਂ ਦੀ ਨਸ਼ਾ ਤਸਕਰਾਂ ਨਾਲ ਸਾਂਝ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਵਿਚਲੀਆਂ ਇਨ੍ਹਾਂ ਕਾਲੀਆਂ ਭੇਡਾਂ ਦੀ ਸ਼ਨਾਖ਼ਤ ਕੀਤੀ ਜਾਵੇਗੀ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਜੇ ਕੋਈ ਨਸ਼ਿਆਂ ਦੀ ਸਮਗਲਿੰਗ ਵਿੱਚ ਸ਼ਾਮਲ ਪਾਇਆ ਗਿਆ ਤਾਂ ਪੁਲਿਸ ਇਕ ਹਫ਼ਤੇ ਦੇ ਅੰਦਰ-ਅੰਦਰ ਉਸ ਦੀ ਜਾਇਦਾਦ ਜ਼ਬਤ ਕਰੇਗੀ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਇਸ ਨੀਤੀ ਨੂੰ ਮਿਸ਼ਨਰੀ ਭਾਵਨਾ ਨਾਲ ਲਾਗੂ ਕਰਨ ਲਈ ਕਿਹਾ ਗਿਆ ਤਾਂ ਕਿ ਨਸ਼ਾ ਤਸਕਰੀ ਨੂੰ ਠੱਲ੍ਹਿਆ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਪੁਲਿਸ ਦੀ ਕਾਰਜਕੁਸ਼ਲਤਾ ਵਧਾਉਣ ਲਈ ਫੋਰਸ ਵਿੱਚ 10 ਹਜ਼ਾਰ ਨਵੀਆਂ ਅਸਾਮੀਆਂ ਸਿਰਜਣ ਦਾ ਫੈਸਲਾ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਆਉਣ ਵਾਲੇ ਸਮੇਂ ਵਿੱਚ ਇਕ ਪਾਸੇ ਅਪਰਾਧ ਨੂੰ ਰੋਕਣ ਵਿੱਚ ਮਦਦ ਮਿਲੇਗੀ, ਦੂਜੇ ਪਾਸੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਪੰਜਾਬ ਪੁਲਿਸ ਨੂੰ ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ ਕੀਤਾ ਗਿਆ ਹੈ ਅਤੇ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੜਕ ਸੁਰੱਖਿਆ ਫੋਰਸ ਸਫ਼ਲਤਾਪੂਰਵਕ ਕੰਮ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਫੋਰਸ ਨੇ ਆਪਣੀ ਹੋਂਦ ਤੋਂ ਬਾਅਦ ਹੁਣ ਤੱਕ ਸੜਕ ਹਾਦਸਿਆਂ ਤੋਂ ਬਾਅਦ ਦੋ ਹਜ਼ਾਰ ਤੋਂ ਵੱਧ ਕੀਮਤੀ ਜਾਨਾਂ ਬਚਾਈਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਅਧਿਕਾਰੀਆਂ ਨੂੰ ਨਸ਼ਿਆਂ ਵਿਰੁੱਧ ਜੰਗ ਨੂੰ ਸੂਬੇ ਦੀ ਭਲਾਈ ਲਈ ਜਨਤਕ ਲਹਿਰ ਵਿੱਚ ਬਦਲਣ ਲਈ ਆਖਿਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਉਹ ਦਿਨ ਚਲੇ ਗਏ, ਜਦੋਂ ਸੂਬਾ ਸਰਕਾਰ 'ਕਮਿਸ਼ਨ' ਉਤੇ ਚੱਲਦੀ ਸੀ। ਹੁਣ ਤਾਂ ਸਰਕਾਰ 'ਮਿਸ਼ਨ' ਵਾਂਗ ਚੱਲ ਰਹੀ ਹੈ। ਇਸੇ ਤਰ੍ਹਾਂ ਸੂਬੇ ਵਿੱਚ ਸਮਗਲਿੰਗ ਲਈ ਡਰੋਨਾਂ ਦੀ ਵਰਤੋਂ ਕਰਨ ਵਾਲੇ ਸਮਗਲਰਾਂ, ਗੈਂਗਸਟਰਾਂ ਤੇ ਅਤਿਵਾਦੀਆਂ ਨਾਲ ਸਿੱਝਣ ਲਈ ਤਫ਼ਸੀਲ ਨਾਲ ਰਣਨੀਤੀ ਬਣਾਈ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨਸ਼ਿਆਂ ਵਿਰੁੱਧ ਦੇਸ਼ ਦੀ ਲੜਾਈ ਲੜ ਰਿਹਾ ਹੈ ਅਤੇ ਇਸ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਬਿਲਕੁੱਲ ਵੀ ਨਸ਼ਾ ਪੈਦਾ ਨਹੀਂ ਹੁੰਦਾ, ਸਗੋਂ ਹੋਰ ਸੂਬਿਆਂ ਤੇ ਸਰਹੱਦ ਪਾਰੋਂ ਨਸ਼ਾ ਸਮਗਲ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀਆਂ ਨੂੰ ਥਾਣਿਆਂ ਵਿੱਚ ਰੋਜ਼ਾਨਾ ਦੇ ਕੰਮਕਾਜ ਲਈ ਆਉਣ ਵਾਲੇ ਲੋਕਾਂ ਨਾਲ ਸਤਿਕਾਰ ਨਾਲ ਪੇਸ਼ ਆਉਣ ਲਈ ਕਿਹਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਥਾਣਿਆਂ ਵਿੱਚ ਆਉਣ ਵਾਲੇ ਆਮ ਲੋਕਾਂ ਦੀ ਬੇਲੋੜੀ ਪ੍ਰੇਸ਼ਾਨੀ ਲਈ ਸਬੰਧਤ ਜ਼ਿਲ੍ਹੇ ਦੇ ਐਸ.ਐਸ.ਪੀਜ਼ ਨੂੰ ਜਵਾਬਦੇਹ ਬਣਾਇਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਅਧਿਕਾਰੀਆਂ ਨੂੰ ਵਿਧਾਇਕਾਂ ਤੇ ਹੋਰ ਚੁਣੇ ਹੋਏ ਨੁਮਾਇੰਦਿਆਂ ਨੂੰ ਬਣਦਾ ਮਾਣ-ਸਤਿਕਾਰ ਦੇਣ ਲਈ ਆਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਭ੍ਰਿਸ਼ਟਾਚਾਰ ਤੇ ਨਸ਼ਿਆਂ ਨਾਲ ਬਿਲਕੁੱਲ ਲਿਹਾਜ਼ ਨਾ ਵਰਤਣ ਦੀ ਰਣਨੀਤੀ ਅਪਣਾਈ ਹੈ ਅਤੇ ਇਸ ਕਾਰਜ ਵਿੱਚ ਕੋਈ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਘਿਨਾਉਣੇ ਅਪਰਾਧਾਂ ਵਿੱਚ ਚਾਹੇ ਕੋਈ ਵੀ ਸ਼ਾਮਲ ਕਿਉਂ ਨਾ ਹੋਵੇ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ੇ ਵੇਚ ਕੇ ਸਾਡੀਆਂ ਪੀੜ੍ਹੀਆਂ ਦਾ 'ਨਸਲਘਾਤ' ਕਰਨ ਵਾਲੇ ਇਨ੍ਹਾਂ ਲੋਕਾਂ ਬਾਰੇ ਸੂਬਾ ਸਰਕਾਰ ਅੱਖਾਂ ਮੀਟ ਕੇ ਨਹੀਂ ਬੈਠ ਸਕਦੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਲੋਕਾਂ ਨੂੰ ਮਿਸਾਲੀ ਸਜ਼ਾ ਦਿਵਾਏਗੀ ਤਾਂ ਕਿ ਹੋਰ ਲੋਕਾਂ ਨੂੰ ਅਜਿਹੇ ਘਿਨਾਉਣੇ ਕਾਰਿਆਂ ਵਿੱਚ ਸ਼ਾਮਲ ਹੋਣੋਂ ਰੋਕਿਆ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੱਤਾ ਵਿੱਚ ਭਾਈਵਾਲ ਨਾ ਬਣਨ ਕਾਰਨ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਇਸੇ ਨਿਰਾਸ਼ਾ ਕਾਰਨ ਸਾਬਕਾ ਸੰਸਦ ਮੈਂਬਰ ਵੱਲੋਂ ਸੂਬਾ ਸਰਕਾਰ ਖ਼ਿਲਾਫ਼ ਬੇਬੁਨਿਆਦ ਬਿਆਨ ਜਾਰੀ ਕੀਤੇ ਜਾ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਸਿਰਫ਼ ਆਪਣੇ ਨਿੱਜੀ ਸੁਆਰਥਾਂ ਦੀ ਚਿੰਤਾ ਹੈ, ਜਦੋਂ ਕਿ ਮੁੱਖ ਮੰਤਰੀ ਹੋਣ ਦੇ ਨਾਤੇ ਉਹ ਸੂਬੇ ਦੀ ਤਰੱਕੀ ਤੇ ਲੋਕਾਂ ਦੀ ਖ਼ੁਸ਼ਹਾਲੀ ਲਈ ਚਿੰਤਤ ਹਨ।

ਮੁੱਖ ਮੰਤਰੀ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਲੰਮੇ ਸਮੇਂ ਤੱਕ ਚੋਣ ਜ਼ਾਬਤਾ ਲਾਗੂ ਰਹਿਣ ਕਾਰਨ ਸੂਬੇ ਵਿੱਚ ਵਿਕਾਸ ਕੰਮਾਂ ਵਿੱਚ ਖੜੋਤ ਆਈ। ਉਨ੍ਹਾਂ ਕਿਹਾ ਕਿ ਸੂਬੇ ਦੇ ਸਮੁੱਚੇ ਵਿਕਾਸ ਤੇ ਲੋਕਾਂ ਦੀ ਖ਼ੁਸ਼ਹਾਲੀ ਲਈ ਸੂਬਾ ਸਰਕਾਰ ਵਚਨਬੱਧ ਹੈ ਅਤੇ ਲੋਕਾਂ ਦੀ ਭਲਾਈ ਲਈ ਸੂਬਾ ਸਰਕਾਰ ਮੁੜ ਹਰਕਤ ਵਿੱਚ ਆਈ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜ਼ਮੀਨੀ ਪੱਧਰ ਤੋਂ ਲੋਕਾਂ ਪਾਸੋਂ ਪ੍ਰਤੀਕਰਮ ਲੈ ਕੇ ਸੂਬਾ ਸਰਕਾਰ, ਲੋਕਾਂ ਦੀ ਭਲਾਈ ਲਈ ਵੱਖ-ਵੱਖ ਰਣਨੀਤੀਆਂ ਬਣਾ ਰਹੀ ਹੈ।

ਭਾਰਤ-ਪਾਕਿ ਸਰਹੱਦ 'ਤੇ ਸਥਿਤ ਜ਼ੀਰੋ ਲਾਈਨ 'ਤੇ ਸਥਿਤ ਦਰਗਾਹ 'ਤੇ ਲੱਗਿਆ ਮੇਲਾ

ਫਾਜ਼ਿਲਕਾ, 19 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ-ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਫਾਜ਼ਿਲਕਾ ਦੇ ਪਿੰਡ ਗੁਲਾਬਾ ਭੈਣੀ ਸਥਿਤ ਬੁਰਜੀ ਵਾਲੇ ਪੀਰ ਬਾਬਾ ਦੀ ਦਰਗਾਹ ਜੋ ਕਿ ਹੁਣ ਭਾਰਤ-ਪਾਕਿਸਤਾਨ ਸਰਹੱਦ ਦੀ ਜ਼ੀਰੋ ਲਾਈਨ 'ਤੇ ਆ ਗਿਆ ਹੈ,'ਤੇ ਅੱਜ ਸਾਲਾਨਾ ਧਾਰਮਿਕ ਮੇਲਾ ਲਗਾਇਆ ਗਿਆ। ਜਿਸ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲਗਭਗ 9000 ਸ਼ਰਧਾਲੂਆਂ ਨੇ ਸ਼ਿਰਕਤ ਕੀਤੀ ਅਤੇ ਮੱਥਾ ਟੇਕਿਆ ਅਤੇ ਚਾਦਰ ਚੜ੍ਹਾ ਕੇ ਮੱਥਾ ਟੇਕਿਆ। ਇਸ ਦੇ ਨਾਲ ਹੀ ਪਾਕਿਸਤਾਨੀਆਂ ਨੇ ਵੀ ਆਪਣੀ ਸਰਹੱਦ ਤੋਂ ਮੱਥਾ ਟੇਕਿਆ। ਸੀਮਾ ਸੁਰੱਖਿਆ ਬਲ ਦੀ ਸਰਵੋਤਮ 66ਵੀਂ ਬਟਾਲੀਅਨ ਦੀ ਦੇਖ-ਰੇਖ ਹੇਠ ਸ਼ੁਰੂ ਹੋਏ ਇਸ ਮੇਲੇ ਦਾ ਉਦਘਾਟਨ ਬੀ.ਐਸ.ਐਫ ਦੇ ਕਮਾਂਡੈਂਟ ਅਰੁਣ ਵਰਮਾ ਨੇ ਚਾਦਰ ਚੜ੍ਹਾ ਕੇ ਅਤੇ ਮੱਥਾ ਟੇਕ ਕੇ ਕੀਤਾ।

ਉਨ੍ਹਾਂ ਦੇ ਨਾਲ ਹੋਰ ਅਧਿਕਾਰੀ ਅਤੇ ਬੀਐਸਐਫ ਦੇ ਪੁਰਾਣੇ ਸਾਥੀ ਲੀਲਾਧਰ ਸ਼ਰਮਾ ਵੀ ਸਨ। ਬੀਐਸਐਫ ਅਧਿਕਾਰੀਆਂ ਦੇ ਪਰਿਵਾਰਕ ਮੈਂਬਰਾਂ ਨੇ ਵੀ ਮੱਥਾ ਟੇਕਿਆ।

ਇਸ ਮੌਕੇ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਕਮਾਂਡੈਂਟ ਅਰੁਣ ਕੁਮਾਰ ਵਰਮਾ ਨੇ ਕਿਹਾ ਕਿ ਬੀ.ਐਸ.ਐਫ ਦੇਸ਼ ਦੀ ਸੁਰੱਖਿਆ ਦੇ ਨਾਲ-ਨਾਲ ਸਰਹੱਦੀ ਪਿੰਡ ਵਾਸੀਆਂ ਦੇ ਸਮਾਜਿਕ ਅਤੇ ਧਾਰਮਿਕ ਕੰਮਾਂ ਵਿੱਚ ਵੀ ਸਭ ਤੋਂ ਅੱਗੇ ਹੈ। ਪਿੰਡ ਵਾਸੀਆਂ ਨੇ ਵੀ ਮੇਲੇ ਵਿੱਚ ਬੀ.ਐਸ.ਐਫ ਵੱਲੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਹਰ ਸਾਲ ਇਸ ਮੇਲੇ ਵਿੱਚ ਪੂਰਾ ਸਹਿਯੋਗ

ਥੱਲੇ ੧ੴ ਤੇ ਉਪਰ ਨਜ਼ਰਵੱਟੂ

ਦਲਬੀਰ ਸਿੰਘ ਧਾਲੀਵਾਲ
86993-22704

ਇਹ ਗਲ ਪਿਛਲੇ ਸਾਲ ਦੀ ਹੈ ਜਦੋਂ ਮੇਰੇ ਨਜਦੀਕੀ ਦੋਸਤ ਬਲਵਿੰਦਰ ਸਿੰਘ ਨੇ ਆਪਣਾਂ ਕੋਠੀ ਨੁਮਾ ਘਰ ਬਣਾਇਆ । ਫਿਰ ਉਸਨੇ ਉਸ ਵਿਚ ਰਿਹਾਇਸ਼ ਕਰਨ ਲਈ ਧਾਰਮਕ ਮਹੂਰਤ ਕਢਵਾਇਆ ਅਤੇ ਇਸ ਅਨੁਸਾਰ ਐਤਵਾਰ ਨੂੰ 10 ਵਜੇ ਤੋਂ 12 ਵਜੇ ਤੱਕ ਸੁਖਮਨੀ ਸਾਹਿਬ ਦਾ ਪਾਠ ਤੇ ਫਿਰ ਲੰਗਰ ਆਦਿ ਦਾ ਪ੍ਰੋਗਰਾਮ ਰੱਖਿਆ । ਇਸ ਤੋਂ ਤਿੰਨ ਚਾਰ ਦਿਨ ਪਹਿਲਾਂ ਉਹ ਤੇ ਉਸਦੀ ਪਤਨੀ ਮੇਰੇ ਘਰ ਆਏ ਅਤੇ ਤਾਦੀਦ ਕਰਦੇ ਹੋਏ ਕਹਿਣ ਲੱਗੇ ਕਿ ਤੁਸੀਂ ਬਾਈ ਜੀ ਸਹੀ 10 ਵਜੇ ਉਸ ਦਿਨ ਸਮੇਤ ਪ੍ਰੀਵਾਰ ਜ਼ਰੂਰ ਪਹੁੰਚਣਾ ਹੈ । ਮਿਥੇ ਹੋਏ ਇਸ ਪ੍ਰੋਗਰਾਮ ਅਨੁਸਾਰ ਮੈਂ ਤੇ ਮੇਰੀ ਪਤਨੀ ਬੱਚਿਆਂ ਸਮੇਤ ਪਹੁੰਚ ਗਏ ਸਹੀ ਸਮੇਂ ਤੇ । ਪਾਠ ਦੌਰਾਨ ਹੋਰ ਆਏ ਸੱਜਣਾ ਮਿੱਤਰਾਂ ਤੇ ਰਿਸ਼ਤੇਦਾਰਾਂ ਨਾਲ ਬੈਠ ਕੇ ਪਾਠ ਸੁਣਿਆ ਅਤੇ ਫਿਰ ਭੋਗ ਪੈਣ ਉਪਰੰਤ ਲੰਗਰ ਆਦਿ ਛਕਿਆ । ਫਿਰ ਉਸ ਤੋਂ ਬਾਅਦ ਮੇਰਾ ਦੋਸਤ ਸਾਨੂੰ ਮਕਾਨ ਵਿਖਾਉਣ ਲੱਗ ਪਿਆ । ਮੈਂ ਕਿਹਾ ਯਾਰ ਕੋਠੀ ਤਾਂ ਬਹੁਤ ਸੋਹਣੀ ਬਣੀ ਹੈ, ਬੜੇ ਤਰੀਕੇ ਨਾਲ ਬਣਾਈ ਹੈ, ਤੈਨੂੰ ਵਧਾਈਆਂ ਹੋਣ ਬਈ ਬਹੁਤ ਬਹੁਤ । ਫਿਰ ਮੈਂ ਵੇਖਿਆ ਕਿ ਬਾਹਰ ਇਕ ਬੁਰਜੀ ਉੱਤੇ ਮੇਰੇ ਦੋਸਤ ਦਾ ਨਾਮ ਲਿਖਿਆ ਹੋਇਆ ਸੀ ਅਤੇ ਦੂਜੀ ਬੁਰਜੀ ਉੱਤੇ ੧ੴ ਅਤੇ ਸਤਿਗੁਰੂ ਤੇਰੀ ਓਟੋ ਲਿਖਿਆ ਹੋਇਆ ਸੀ ਜਿਸਨੂੰ ਵੇਖ ਕੇ ਮੈਨੂੰ ਬੜੀ ਖੁਸ਼ੀ ਤੇ ਸੰਤੁਸ਼ਟੀ ਹੋਈ ਪਰ ਜਦੋਂ ਮੈਂ ਕੋਠੀ ਦੀ ਉਪਰਲੀ ਮੰਜਲ ਦੇ ਬਨੇਰੇ ਵਲ ਨਿਗਾਹ ਮਾਰੀ ਤਾਂ ਮੈਂ ਵੇਖਿਆ ਕਿ ਉਥੇ ਨਜ਼ਰਵੱਟੂ ਟੰਗਿਆ ਹੋਇਆ ਸੀ ਜਿਸ ਤੇ ਮੈਨੂੰ ਬੜੀ ਹੈਰਾਨੀ ਜਿਹੀ ਹੋਈ ਕਿ ਮੇਰਾ ਇਹ ਦੋਸਤ ਤਾਂ ਗੁਰਬਾਣੀ ਦੇ ਧਾਰਮਿਕ ਖਿਆਲਾਂ, ਤਰਕਸ਼ੀਲ ਤੇ ਵਿਗਿਆਨਕ ਵਿਚਾਰਾਂ ਦਾ ਹੈ ਅਤੇ ਇਹ ਵਹਿਮਾਂ ਭਰਮਾਂ ਦੇ ਉਲਟ ਗੱਲਾਂ ਕਰਦਾ ਹੁੰਦਾ ਹੈ ਪਰ ਆਹ ਕੀ ਹੈ । ਮੈਥੋਂ ਰਿਹਾ ਨਾ ਗਿਆ ਤਾਂ ਮੈਂ ਪੁੱਛ ਹੀ ਲਿਆ ਕਿ ਯਾਰ ਤੇਰੇ ਵਿਚਾਰ ਤਾਂ ਬੜੇ ਆਧੁਨਿਕ ਅਤੇ ਅੰਧਵਿਸ਼ਵਾਸ ਵਿਰੋਧੀ ਹੁੰਦੇ ਹਨ ਪਰ ਆਹ ਬਨੇਰੇ ਉਤੇ ਕੀ ਲਾ ਰਖਿਆ ਹੈ, ਥੱਲੇ ੧ੴ ਤੇ ਉਤੇ ਨਜ਼ਰਵੱਟੂ । ਥੱਲੇ ਬੁਰਜੀ ਉੱਤੇ ਜੋ ੧ੴ ਤੇ ਸਤਿਗੁਰੂ ਤੇਰੀ ਓਟ ਲਿਖਿਆ ਹੈ, ਇਸ ਗੁਰਬਾਣੀ ਦੇ ਸੰਦੇਸ਼ ਉੱਤੇ ਭਰੋਸਾ ਨਹੀਂ ਹੈ ਤੁਹਾਨੂੰ ਕਿ ਸਾਡੇ ਗੁਰੂ ਸਾਹਿਬਾਨਾਂ ਨੇ ਇਸ ਪਵਿੱਤਰ ਬਾਣੀ ਤੇ ਭਰੋਸਾ ਰੱਖਕੇ ਫਾਲਤੂ ਰੀਤੀ ਰਿਵਾਜਾਂ ਅਤੇ ਵਹਿਮਾਂ ਭਰਮਾਂ ਤੋਂ ਦੂਰ ਰਹਿਣ ਦੀ ਸਾਨੂੰ ਸਿੱਖਿਆ ਦਿੱਤੀ ਹੈ । ਕੀ ਤੁਹਾਨੂੰ ਇਸ ਬਾਣੀ ਉਤੇ ਯਕੀਨ ਨਹੀਂ ਹੈ ਕਿ ਬਾਣੀ ਤੁਹਾਡੇ ਪ੍ਰੀਵਾਰ ਦੀ ਅਤੇ ਤੁਹਾਡੀ ਕੋਠੀ ਦੀ ਰੱਖਿਆ ਕਰੇਗੀ, ਹਰ ਨੁਕਸਾਨ ਤੋਂ ਬਚਾਏਗੀ ਕਿ ਜਾਂ ਤੁਹਾਨੂੰ ਇਸ ਨਜ਼ਰਵੱਟੂ ਤੇ ਜ਼ਿਆਦਾ ਭਰੋਸਾ ਹੈ ਕਿ ਇਹ ਨਜਰਵੱਟੂ ਗੁਰਬਾਣੀ ਤੋਂ ਵੀ ਜ਼ਿਆਦਾ ਰਖਵਾਲਾ ਹੈ ਜੋ ਤੁਹਾਡੀ ਕੋਠੀ ਨੂੰ ਕਿਸੇ ਬੁਰੀ ਨਜ਼ਰ ਤੋਂ ਜਾਂ ਨੁਕਸਾਨ ਤੋਂ ਬਚਾਏਗਾ । ਏਨਾ ਕੁਝ ਸੁਣਕੇ ਉਹ ਚੁੱਪ ਜਿਹਾ ਹੋ ਗਿਆ ਤੇ ਢਿੱਲਾ ਜਿਹਾ ਮੂੰਹ ਕਰਕੇ ਬੋਲਿਆ ਕਿ ਯਾਰ ਤੈਨੂੰ ਤਾਂ ਪਤਾ ਹੀ ਹੈ ਕਿ ਮੈਂ ਇੰਨਾਂ ਵਹਿਮਾਂ ਵਿੱਚ ਵਿਸ਼ਵਾਸ ਨਹੀਂ ਰਖਦਾ ਪਰ ਕੀ ਕਰੀਏ ਤੇਰੀ ਭਰਜਾਈ (ਮੇਰੀ ਪਤਨੀ) ਨੇ ਹੋਰ ਔਰਤਾਂ ਦੇ ਪਿੱਛੇ ਲੱਗਕੇ ਨਜ਼ਰਵੱਟੂ ਲਵਾ ਦਿੱਤਾ । ਇਸ ਬਾਰੇ ਮੈਂ ਇਸ ਨੂੰ ਕਿਹਾ ਵੀ ਸੀ ਪਰ ਇਹ ਕਹਿੰਦੀ ਕਿ ਬੇਬੇ ਜੀ ਨੇ ਅਤੇ ਚਾਚੀ ਮਹਿੰਦਰ ਕੌਰ ਨੇ ਮੈਨੂੰ ਕਹਿ ਦਿੱਤਾ ਕਿ ਭਾਈ ਨਜ਼ਰਵੱਟੂ ਜ਼ਰੂਰ ਲਾਉਣਾ ਹੈ । ਪਿਛਲੇ ਸਾਲ ਬਚਿੱਤਰ ਸਿਹੁੰ ਨੇ ਕੋਠੀ ਬਣਾਈ ਸੀ ਤੇ ਨਜ਼ਰਵੱਟੂ ਨਾ ਲਾਇਆ ਤਾਂ ਉਸਦੀ ਉਪਰਲੀ ਮੰਜਲ ਦੀ ਬੁਰਜੀ ਡਿੱਗ ਪਈ ਸੀ ਤੇ ਕਾਫੀ ਨੁਕਸਾਨ ਹੋਇਆ ਸੀ । ਮੈਂ ਕਿਹਾ ਯਾਰ ਉਹ ਤਾਂ ਮਿਸਤਰੀ ਤੋਂ ਜਾਂ ਲੱਗੇ ਮਟੀਰੀਅਲ ਵਿਚ ਕਮੀ ਰਹਿ ਗਈ ਹੋਣੀ ਹੈ ਕਿਉਂਕਿ ਉਹਨਾਂ ਨੇ ਤਾਂ ਕੋਠੀ ਬਣੀ ਬਣਾਈ ਖਰੀਦੀ ਸੀ ਪਰ ਤੁਸੀਂ ਤਾਂ ਤਸੱਲੀ ਨਾਲ ਖੁਦ ਆਪ ਬਣਵਾਈ ਹੈ, ਜਿਸ ਦੌਰਾਨ ਮੈਂ ਵੀ ਗੇੜਾ ਮਾਰਦਾ ਰਹਿੰਦਾ ਸੀ, ਸਾਰਾ ਮਟੀਰੀਅਲ ਵਧੀਆ ਲੱਗਿਆ ਹੈ, ਨਾਲੇ ਤੇਰਾ ਤਾਂ ਮਿਸਤਰੀ ਵੀ ਬੜਾ ਤਜ਼ਰਬਾਕਾਰ ਸੀ । ਫਿਰ ਉਹ ਕਹਿਣ ਲੱਗਾ, ਕੀ ਕਰੀਏ ਯਾਰ, ਘਰ ਵਿੱਚ ਔਰਤਾਂ ਦੀ ਗੱਲ ਵੀ ਮੰਨਣੀ ਪੈਂਦੀ ਹੈ । ਕੱਲ੍ਹ ਨੂੰ ਜੇ ਘਰ ਵਿੱਚ ਵੈਸੇ ਵੀ ਕੋਈ ਬੁਰੀ ਘਟਨਾ ਵਾਪਰ ਜਾਵੇ ਤਾਂ ਇਹ ਉਸ ਨੂੰ ਇਸ ਗੱਲ ਨਾਲ ਜੋੜ ਦਿੰਦੀਆਂ ਹਨ ਕਿ ਤੂੰ ਨਜਰਵੱਟੂ ਨਹੀਂ ਲੋਣ ਦਿੱਤਾ ਸੀ ਤਾਂ ਹੀ ਇਹ ਨੁਕਸਾਨ ਹੋਇਆ ਹੈ । ਮੈਂ ਕਿਹਾ ਭਰਾਵਾਂ, ਇਹ ਸਿਰਫ ਤੁਹਾਡਾ ਹੀ ਕਸੂਰ ਨਹੀਂ ਹੈ ਸਗੋਂ ਹੋਰ ਸਿੱਖ ਵੀ ਜੋ ਗੁਰਦੁਆਰੇ ਜਾਂਦੇ ਹਨ, ਅਮ੍ਰਿਤ ਵੀ ਛੱਕੇ ਹੋਏ ਹਨ, ਗੁਰੂ ਗ੍ਰੰਥ ਸਾਹਿਬ ਨੂੰ ਰੋਜ਼ਾਨਾ ਮੱਥਾ ਵੀ ਟੇਕਦੇ ਹਨ ਪਰ ਫਿਰ ਵੀ ਬਾਹਰ ਆ ਕੇ ਗੁਰੂ ਸਾਹਿਬਾਨਾਂ ਦੇ ਇਸ ਸੰਦੇਸ਼ ਕਿ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ,
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ

ਤੋਂ ਮੁਨਕਰ ਹੋ ਕੇ ਫਿਰ ਉਚੀਆਂ ਨੀਵੀਆਂ ਜਾਤਾਂ ਪਰਖਦੇ ਹਨ, ਮੜ੍ਹੀ ਮਸਾਣਾਂ, ਸਮਾਧਾਂ ਉਤੇ ਵੀ ਮੱਥੇ ਟੇਕਦੇ ਹਨ ਅਤੇ ਹੋਰ ਵੀ ਕਈ ਅਡੰਬਰ ਕਰਦੇ ਹਨ । ਕਈ ਸਿੱਖ ਬੀਬੀਆਂ ਤਾਂ ਇਸ ਤੋਂ ਵੀ ਅੱਗੇ ਹਨ, ਜੋ ਰੋਜ਼ਾਨਾ ਪਾਠ ਵੀ ਕਰਦੀਆਂ ਹਨ, ਘਰ ਵਿੱਚ ਗੁਰੂ ਸਾਹਿਬਾਨਾਂ ਦੇ ਨਾਲ ਹੋਰ ਵੀ ਦੇਵੀ ਦੇਵਤਿਆਂ ਤੇ ਪੀਰਾਂ ਦੀਆਂ ਫੋਟੋਆਂ ਵੀ ਰੱਖ ਕੇ ਧੂਫ ਕਰਦੀਆਂ ਹਨ । ਫਿਰ ਗੁਰਪੁਰਬ ਅਤੇ ਦੀਵਾਲੀ ਵਾਲੀ ਸ਼ਾਮ ਨੂੰ ਗੁਰਦੁਆਰੇ ਜਾ ਕੇ ਨਿਸ਼ਾਨ ਸਾਹਿਬ ਅਤੇ ਸਰੋਵਰ ਦੀ ਪਰਕਰਮਾ ਵਾਲੀ ਸਾਫ ਸੁਥਰੀ ਥਾਂ ਉਤੇ ਮੋਮਬੱਤੀਆਂ ਲਗਾਕੇ ਪਿਘਲੀ ਹੋਈ ਮੋਮ ਨਾਲ ਸਾਰਾ ਫਰਸ਼ ਖਰਾਬ ਕਰ ਦਿੰਦੀਆਂ ਹਨ । ਇਹ ਕਰਵਾ ਚੋਥ ਦੇ ਵਰਤ ਵੀ ਬਾਣੀ ਦੀ ਪਰੰਪਰਾ ਦੇ ਉਲਟ ਜਾ ਕੇ ਰੱਖਦੀਆਂ ਜਦੋਂ ਕਿ ਪਵਿੱਤਰ ਬਾਣੀ ਇਸ ਅੰਧਵਿਸ਼ਵਾਸ ਦਾ ਖੰਡਨ ਕਰਦੀ ਹੈ ਇਹਨਾਂ ਸ਼ਬਦਾਂ ਨਾਲ ਕਰਦੀ ਹੈ :

ਛੋਡਹਿ ਅੰਨੁ ਕਰਹਿ ਪਾਖੰਡ, ਨਾ ਸੋਹਾਗਨਿ ਨਾ ਓਹ ਰੰਡ ।

ਹੋਰ ਤਾਂ ਹੋਰ ਉਹ ਪੜ੍ਹੇ ਲਿਖੇ ਲੋਕ ਜਿਨ੍ਹਾਂ ਨੇ ਸਗੋਂ ਦੂਜੇ ਅਨਪੜ੍ਹ ਲੋਕਾਂ ਨੂੰ ਸਿਖਿਆ ਦੇਣੀ ਹੈ, ਉਹ ਵੀ ਐਸੇ ਅੰਧਵਿਸ਼ਵਾਸ ਵਿਚ ਫਸਕੇ ਅਪਣੀ ਸੋਚ ਨੂੰ ਇੰਨੀ ਖੁੰਢੀ ਕਰੀ ਫਿਰਦੇ ਹਨ ਕਿ ਬਿਲਕੁੱਲ ਨਹੀਂ ਸੋਚਦੇ ਕਿ ਮਕਾਨ ਤਾਂ ਅਸੀਂ ਖੁਦ ਮਿਹਨਤ ਕਰਕੇ ਅਪਣੇ ਪੈਸੇ ਨਾਲ ਬਣਾਉਂਦੇ ਹਾਂ ਪਰ ਉਸ ਵਿੱਚ ਰਹਿਣ ਲਈ ਪੂਜਾਰੀ ਤੋਂ ਪੁੱਛਦੇ ਹਾਂ । ਬੱਚਾ ਤਾਂ ਅਸੀਂ ਖੁਦ ਮਿਹਨਤ ਕਰਕੇ ਪੈਦਾ ਕਰਦੇ ਹਾਂ, ਉਸਦੇ ਪਾਲਣ ਪੋਸ਼ਣ ਤੇ ਪੜ੍ਹਾਉਣ ਆਦਿ ਦਾ ਖਰਚਾ ਵੀ ਅਸੀਂ ਖੁਦ ਕਰਨਾ ਹੁੰਦਾ ਹੈ ਪਰ ਫਿਰ ਵੀ ਸਭ ਤੋਂ ਪਹਿਲਾਂ ਉਸਦਾ ਨਾਮ ਪੂਜਾਰੀ ਤੋਂ ਪੁਛਕੇ ਰਖਦੇ ਹਾਂ ਅਤੇ ਅਜਿਹੀਆਂ ਕਈਂ ਹੋਰ ਅੰਧਵਿਸਵਾਸ਼ੀ ਰੀਤੀ ਰਿਵਾਜਾਂ ਵਿਚ ਅਸੀਂ ਉਲਝੇ ਹੋਏ ਹਾਂ । ਸਾਡੀ ਗਰੀਬ ਜਨਤਾ ਤਾਂ ਐਸੀ ਫਸੀ ਹੈ ਇਹਨਾਂ ਕੰਮਾਂ ਵਿੱਚ ਕਿ ਆਪਣੇ ਬੱਚਿਆਂ ਦੀ ਪੜ੍ਹਾਈ ਵਿੱਚ ਰੁਚੀ ਨਹੀਂ ਲੈਂਦੇ ਕਿਉਂਕਿ ਜਦੋਂ ਬੱਚਾ ਕਿਤਾਬ ਕਾਪੀਆਂ ਲਈ ਪੈਸੇ ਮੰਗਦਾ ਹੈ ਤਾਂ ਕਹਿ ਦਿੰਦੇ ਹਨ ਕਿ ਤੂੰ ਠਹਿਰ ਜਾ ਅਜੇ ਪੈਸੇ ਬਚਾ ਕੇ ਜੋ ਰੱਖੇ ਹਨ ਉਹਨਾਂ ਨਾਲ ਪਹਿਲਾਂ ਪੀਰਾਂ ਬਾਬਿਆਂ ਜਾਂ ਦੇਵੀ ਦੀ ਸੁੱਖਣਾ ਲਾਹ ਆਈਏ ਫਿਰ ਤੈਨੂੰ ਕਿਤਾਬਾਂ ਲੈ ਦੇਵਾਂਗੇ । ਅਜਿਹੇ ਹਾਲਾਤ ਪਿੰਡਾਂ ਵਿੱਚ ਵਧੇਰੇ ਹਨ ਪਰ ਅਫਸੋਸ ਕਿ ਪੜ੍ਹੇ ਲਿਖੇ ਲੋਕ ਵੀ ਉਨ੍ਹਾਂ ਨੂੰ ਕੋਈ ਚੰਗੀ ਸਲਾਹ ਨਹੀਂ ਦਿੰਦੇ ਕਿਉਂਕਿ ਜੋ ਦਲਿਤ ਜਾਂ ਗਰੀਬ ਪੜ੍ਹ ਲਿਖ ਕੇ ਚੰਗੀਆਂ ਨੌਕਰੀਆਂ ਤੇ ਲੱਗਕੇ ਸ਼ਹਿਰਾਂ ਵਿੱਚ ਰਹਿਣ ਲੱਗ ਗਏ ਹਨ ਉਹ ਪਿੰਡਾਂ ਵਾਲੇ ਅਜਿਹੇ ਅਨਪੜ੍ਹ ਲੋਕਾਂ ਨੂੰ ਇਸ ਹਨੇਰੇ ਚੋਂ ਕੱਢਣ ਦੀ ਦਿਲਚਸਪੀ ਨਹੀਂ ਲੈਂਦੇ । ਸਾਡੀਆਂ ਸਰਕਾਰਾਂ ਵੀ ਜੋ ਸਕੀਮਾਂ ਪੜ੍ਹਾਈ ਸੰਬੰਧੀ ਬਣਾਉਂਦੀਆਂ ਹਨ ਉਹ ਵੀ ਗਰੀਬਾਂ ਲਈ ਇਮਾਨਦਾਰੀ ਨਾਲ ਲਾਗੂ ਨਹੀਂ ਕਰਦੀਆਂ ਕਿਉਂ-ਕ ਸਿਆਸੀ ਨੇਤਾ ਚਾਹੁੰਦੇ ਹਨ ਕਿ ਇਹ ਲੋਕ ਜਾਗਰੂਕ ਤੇ ਵਿਦਿਅਕ ਨਾ ਬਣਨ ਸਗੋਂ ਹਨੇਰੇ ਵਿੱਚ ਰਹਿਣ, ਸਾਡੇ ਹੀ ਮਥਾਜ ਬਣੇ ਰਹਿਣ ਅਤੇ ਸਾਡਾ ਵੋਟ ਬੈਂਕ ਬਣੇ ਰਹਿਣ । ਹੁਣ ਜੇ ਨਜਰਵੱਟੂ ਦੀ ਗੱਲ ਕਰੀਏ ਤਾਂ ਜਦੋਂ ਕਰੋਨਾ ਕਾਲ ਆਇਆ ਸੀ ਤਾਂ ਸਾਡੇ ਦੇਸ਼ ਵਿੱਚ ਉਦੋਂ ਨਾ ਤਾਂ ਇਹ ਨਜਰਵੱਟੂ, ਨਾ ਦੇਵੀ ਦੇਵਤੇ, ਨਾ ਬਾਬੇ, ਨਾ ਪੀਰ ਕੰਮ ਆਏ ਸਗੋਂ ਉੱਚ ਡਾਕਟਰੀ ਵਿਗਿਆਨ ਨੇ ਹੀ ਸਾਨੂੰ ਬਚਾਇਆ ਬੇਸ਼ਕ ਉਦੋਂ ਸਾਡੇ ਦੇਸ਼ ਦੇ ਪ੍ਰਮੁੱਖ ਸਿਆਸੀ ਆਗੂਆਂ ਜਿਵੇਂ ਪ੍ਰਧਾਨ ਮੰਤਰੀ ਮੋਦੀ ਜੀ ਨੇ ਥਾਲੀਆ ਪੜਕਾਕੇ ਕਰੋਨਾ ਭਜਾਉਣ ਲਈ ਲੋਕਾਂ ਤੋਂ ਇਹ ਅੰਧਵਿਸ਼ਵਾਸੀ ਅਡੰਬਰ ਕਰਵਾਇਆ ਸੀ ਜਿਸ ਦਾ ਵਿਕਸਤ ਪੱਛਮੀ ਦੇਸ਼ਾਂ ਨੇ ਭਾਰਤ ਦਾ ਬੜਾ ਮਜਾਕ ਉਡਾਇਆ ਸੀ । ਸੋ ਇਸ ਸਭ ਤੋਂ ਸਾਨੂੰ ਇਹ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ ਕਿ ਗੁਰਬਾਣੀ ਸਾਨੂੰ ਵਿਗਿਆਨਕ, ਤਰਕਵਾਦੀ ਸੋਚ ਅਪਨਾਉਣ ਅਤੇ ਅੰਧਵਿਸ਼ਵਾਸ ਤੋਂ ਦੂਰ ਰਹਿਣ ਦੀ ਸਿੱਖਿਆ ਦੇਂਦੀ ਹੈ ਕਿ ਜੇ ਗੁਰੂਆਂ ਦੇ ਫਲਸਫੇ ਨੂੰ ਡੂੰਘਾਈ ਨਾਲ ਵਿਚਾਰਿਆ ਜਾਵੇ ਤਾਂ । ਇਸ ਬਾਰੇ ਸਾਡੇ ਸਿੱਖ ਪ੍ਰਚਾਰਕ ਲੋਕਾਂ ਨੂੰ ਸਹੀ ਗਿਆਨ ਨਹੀਂ ਦੇਂਦੇ ਸਗੋਂ ਫਾਲਤੂ ਮਿਥਿਹਾਸਿਕ ਕਥਾ ਕਹਾਣੀਆਂ ਸਹੀ ਇਤਿਹਾਸ ਨਾਲ ਜੋੜ ਕੇ ਲੋਕਾਂ ਨੂੰ ਸੁਣਾ ਕੇ ਗੁਰੂਆਂ ਦੇ ਪਵਿੱਤਰ ਫਲਸੰਫੇ ਤੋਂ ਲੋਕਾਂ ਨੂੰ ਦੂਰ ਕਰਦੇ ਹਨ ਜਦੋਂ ਕਿ ਵਿਕਸਤ ਪੱਛਮੀ ਦੇਸ਼ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਗਿਆਨਕ ਸੋਚ ਵਾਲੀ ਇਸ ਬਾਣੀ ਕਿ :

ਪਤਾਲਾ ਪਾਤਾਲ ਲਖ ਆਗਾਸਾ ਆਗਾਸ ।।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ।।

ਅਤੇ

ਧਰਤੀ ਹੋਰੁ ਪਰੈ ਹੋਰੁ ਹੋਰੁ ..... ।।

ਇਹਨਾਂ ਸ਼ਬਦਾਂ ਉੱਤੇ ਗੌਰ ਨਾ ਵਿਚਾਰ ਕਰਕੇ ਗ੍ਰਹਿਆਂ ਦੀ ਖੋਜ ਕੀਤੀ ਹੈ ਅਤੇ ਅਜੇ ਵੀ ਉਹ ਇਸ ਗੁਰਬਾਣੀ ਵਿੱਚੋਂ ਅਜਿਹੀ ਬਹੁਤ ਸੱਚਾਈ ਖੋਜਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਅਸੀਂ ਲੋਕ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿਰਫ ਮੱਥੇ ਹੀ ਟੇਕ ਲੈਣਾ ਅਤੇ ਪਾਠ ਕਰ ਲੈਣਾ ਨੂੰ ਹੀ ਬਹੁਤ ਵੱਡਾ ਗਿਆਨ ਸਮਝ ਕੇ ਹਉਮੈ ਵਿੱਚ ਫਸੇ ਹੋਏ ਹਾਂ ਪਰ ਗੁਰਬਾਣੀ ਉਤੇ ਸਹੀ ਅਮਲ ਨਾ ਕਰਕੇ ਇਸ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਨਹੀਂ ਢਾਲਦੇ । ਇਹੋ ਕਾਰਨ ਹੈ ਕਿ ਅਸੀਂ ਨਜ਼ਰਵੱਟੂ ਜਿਹੀਆਂ ਅੰਧਵਿਸ਼ਵਾਸੀ ਰੀਤਾਂ ਵਿੱਚ ਉਲਝੇ ਫਿਰਦੇ ਹਾਂ ।

ਤੁਹਾਨੂੰ ਇਸ ਨਜ਼ਰਵੱਟੂ ਤੇ ਜ਼ਿਆਦਾ ਭਰੋਸਾ ਹੈ ਕਿ ਇਹ ਨਜਰਵੱਟੂ ਗੁਰਬਾਣੀ ਤੋਂ ਵੀ ਜ਼ਿਆਦਾ ਰਖਵਾਲਾ ਹੈ ਜੋ ਤੁਹਾਡੀ ਕੋਠੀ ਨੂੰ ਕਿਸੇ ਬੁਰੀ ਨਜ਼ਰ ਤੋਂ ਜਾਂ ਨੁਕਸਾਨ ਤੋਂ ਬਚਾਏਗਾ । ਏਨਾ ਕੁਝ ਸੁਣਕੇ ਉਹ ਚੁੱਪ ਜਿਹਾ ਹੋ ਗਿਆ ਤੇ ਢਿੱਲਾ ਜਿਹਾ ਮੂੰਹ ਕਰਕੇ ਬੋਲਿਆ ਕਿ ਯਾਰ ਤੈਨੂੰ ਤਾਂ ਪਤਾ ਹੀ ਹੈ ਕਿ ਮੈਂ ਇੰਨਾਂ ਵਹਿਮਾਂ ਵਿੱਚ ਵਿਸ਼ਵਾਸ ਨਹੀਂ ਰਖਦਾ ਪਰ ਕੀ ਕਰੀਏ ਤੇਰੀ ਭਰਜਾਈ (ਮੇਰੀ ਪਤਨੀ) ਨੇ ਹੋਰ ਔਰਤਾਂ ਦੇ ਪਿੱਛੇ ਲੱਗਕੇ ਨਜ਼ਰਵੱਟੂ ਲਵਾ ਦਿੱਤਾ ।

ਮਨੁੱਖੀ ਸਿਹਤ ਨਾਲ ਖਿਲਵਾੜ ਕਰ ਰਹੀਆਂ ਕੰਪਨੀਆਂ

ਪੁਸ਼ਪਿੰਦਰ

ਭੋਜਨ ਮਨੁੱਖ ਦੇ ਜਿਊਂਦੇ ਰਹਿਣ ਲਈ ਜ਼ਰੂਰੀ ਹੈ ਪਰ ਮੁਨਾਫੇ 'ਤੇ ਟਿਕਿਆਂ ਇਹ ਸਰਮਾਏਦਾਰਾ ਪ੍ਰਬੰਧ ਲੋਕਾਂ ਨੂੰ ਨਾ ਸਿਰਫ ਭੁੱਖ ਨਾਲ ਮਾਰ ਰਿਹਾ ਹੈ ਸਗੋਂ ਜ਼ਹਿਰੀਲੀਆਂ ਖਾਧ ਚੀਜ਼ਾਂ ਪਰੋਸ ਕੇ ਉਨ੍ਹਾਂ ਦੀ ਸਿਹਤ ਨਾਲ ਖਿਲਵਾੜ ਕਰ ਰਿਹਾ ਹੈ। ਵਿਗਿਆਨ ਦੀ ਬਦੌਲਤ ਦੁਨੀਆ ਦੇ ਅਨਾਜ ਭੰਡਾਰ ਵਿੱਚ ਬੇਤਹਾਸ਼ਾ ਵਾਧਾ ਹੋਇਆ; ਤਰ੍ਹਾਂ-ਤਰ੍ਹਾਂ ਦੇ ਉਤਪਾਦ ਆਮ ਲੋਕਾਂ ਦੀ ਪਹੁੰਚ ਵਿੱਚ ਆਏ ਪਰ ਅੱਜ ਦਾ ਵਿਗਿਆਨ ਸਰਮਾਏਦਾਰਾ ਪ੍ਰਬੰਧ ਦੀ ਜਕੜ ਹੇਠ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀ ਥਾਂ ਸਰਮਾਏਦਾਰ ਪ੍ਰਬੰਧ ਲਈ ਮੁਨਾਫਾ ਕਮਾਉਣ ਦਾ ਜ਼ਰੀਆ ਬਣ ਕੇ ਰਹਿ ਗਿਆ ਹੈ।

ਇਹ ਵਿਗਿਆਨ ਦੀ ਹੀ ਤਰੱਕੀ ਹੈ ਕਿ ਪਹਿਲਾਂ ਅਜਿਹੇ ਬਹੁਤ ਸਾਰੇ ਭੋਜਨ ਪਦਾਰਥ ਜਿਹੜੇ ਲੰਮੇ ਸਮੇਂ ਤੱਕ ਸਾਂਭ ਕੇ ਨਹੀਂ ਰੱਖੇ ਜਾ ਸਕਦੇ ਸਨ, ਹੁਣ ਉਨ੍ਹਾਂ ਨੂੰ ਜਲਦ ਖਰਾਬ ਹੋਣ ਤੋਂ ਬਚਾਇਆ ਜਾ ਸਕਦਾ ਹੈ ਪਰ ਹੁਣ ਇਹ ਸਰਮਾਏਦਾਰਾ ਪ੍ਰਬੰਧ ਇਸ ਤਕਨੀਕ ਦੀ ਵੀ ਵੱਡੇ ਪੱਧਰ 'ਤੇ ਦੁਰਵਰਤੋਂ ਕਰਦਾ ਹੋਇਆ ਵੱਡੀ ਮਾਤਰਾ ਵਿੱਚ ਅਜਿਹੇ ਰਸਾਇਣਾਂ ਦੀ ਵਰਤੋਂ ਕਰਦਾ ਹੈ ਜਿਨ੍ਹਾਂ ਦਾ ਮਨੁੱਖੀ ਸਿਹਤ 'ਤੇ ਹਾਨੀਕਾਰਕ ਅਸਰ ਹੋ ਰਿਹਾ ਹੈ। ਸਿਹਤ ਮਾਹਿਰਾਂ ਮੁਤਾਬਕ ਜੇ ਇਨ੍ਹਾਂ ਰਸਾਇਣਾਂ ਦੀ ਵਰਤੋਂ ਸੀਮਤ ਮਾਤਰਾ ਤੋਂ ਵੱਧ ਕੀਤੀ ਜਾਵੇ ਤਾਂ ਲਾਭ ਦੀ ਥਾਂ ਮਨੁੱਖੀ ਸਿਹਤ ਲਈ ਨੁਕਸਾਨ ਵੱਧ ਹਨ।

ਪਿਛਲੇ ਦਿਨੀਂ ਇਹ ਖ਼ਬਰ ਬੜੀ ਚਰਚਾ ਵਿੱਚ ਰਹੀ ਜਦੋਂ ਹਾਂਗ ਕਾਂਗ ਦੇ ਭੋਜਨ ਸੁਰੱਖਿਆ ਅਦਾਰੇ ਨੇ 5 ਅਪਰੈਲ ਨੂੰ ਭਾਰਤ ਦੇ ਮਸਾਲਿਆਂ ਦੀ ਸਭ ਤੋਂ ਵੱਡੀ ਕੰਪਨੀ ਐੱਮਡੀਐੱਚ ਅਤੇ

ਰੀਲ ਬਣਾਉਣ ਦੇ ਚੱਕਰ 'ਚ 300 ਫੁੱਟ ਡੂੰਘੀ ਖਾਈ 'ਚ ਡਿੱਗੀ ਕਾਰ, 23 ਸਾਲਾਂ ਕੁੜੀ ਦੀ ਦਰਦਨਾਕ ਮੌਤ

ਏਜੰਸੀਆਂ

ਨੈਸਨਲ ਡੈਸਕ 19 ਜੂਨ। ਮਹਾਰਾਸਟਰ 'ਚ ਸਭ ਨੂੰ ਹੈਰਾਨ ਕਰ ਦੇਣ ਵਾਲੀ ਇਕ ਘਟਨਾ ਸਾਹਮਣੇ ਆਈ ਹੈ। ਇਸ ਘਟਨਾ ਵਿਚ ਸੋਮਵਾਰ ਨੂੰ ਛਤਰਪਤੀ ਸੰਭਾਜੀਨਗਰ ਦੇ ਸੁਲੀਭੰਜਨ

ਇਲਾਕੇ 'ਚ ਵਾਪਰੇ ਭਿਆਨਕ ਕਾਰ ਹਾਦਸੇ 'ਚ 23 ਸਾਲਾ ਨੌਜਵਾਨ ਕੁੜੀ ਦੀ ਮੌਤ ਹੋਣ ਦੀ ਸੂਚਨਾ ਮਿਲੀ ਹੈ। ਮਾਮਲੇ ਦੀ ਜਾਂਚ ਕਰ ਰਹੀ ਪੁਲਸ ਮੁਤਾਬਕ ਸਵੇਤਾ ਸੁਰਵਾਸੇ ਨਾਂ ਦੀ ਕੁੜੀ ਨੇ ਕਾਰ ਚਲਾਉਂਦੇ ਸਮੇਂ ਗਲਤੀ ਨਾਲ ਰਿਵਰਸ ਗੇਅਰ 'ਚ ਐਕਸੀਲੇਟਰ ਦਬਾ ਦਿੱਤਾ, ਜਿਸ ਕਾਰਨ ਕਾਰ ਪਿਛਲਾ ਕ੍ਰੈਸ ਬੈਰੀਅਰ ਤੋੜ ਕੇ ਖਾਈ 'ਚ ਜਾ ਡਿੱਗੀ। ਖੁਟਾਬਾਦ ਪੁਲਸ ਸਟੇਸਨ ਦੇ ਅਧਿਕਾਰੀ ਨੇ ਦੱਸਿਆ ਕਿ ਹਾਦਸਾ ਦੁਪਹਿਰ ਸਮੇਂ ਵਾਪਰਿਆ, ਜਦੋਂ ਸਵੇਤਾ ਆਪਣੇ ਦੋਸਤ ਸਹਿਵਰਾਜ ਮੂਲੇ ਨਾਲ ਵੀਡੀਓ ਸੂਟ ਕਰ ਰਹੀ ਸੀ। ਸਹਿਵਰਾਜ ਮੂਲੇ ਵੀਡੀਓ ਸੂਟ ਕਰ ਰਹੇ ਸਨ ਅਤੇ ਸਵੇਤਾ ਕਾਰ ਚਲਾ ਰਹੀ ਸੀ। ਇਸ ਦੌਰਾਨ ਸਵੇਤਾ ਨੇ ਡਰਾਈਵਿੰਗ 'ਚ ਹੱਥ ਅਜਮਾਉਣ ਦੀ ਕੋਸ਼ਿਸ਼ ਕੀਤੀ ਅਤੇ ਗਲਤੀ ਨਾਲ ਐਕਸੀਲੇਟਰ ਨੂੰ ਰਿਵਰਸ ਗੀਅਰ 'ਚ ਦਬਾ ਦਿੱਤਾ। ਇਸ ਨਾਲ ਕਾਰ ਤੇਜੀ ਨਾਲ ਪਿੱਛੇ ਵੱਲ ਵਧੀ ਅਤੇ ਕਰੈਸ ਬੈਰੀਅਰ ਤੋੜ ਕੇ 300 ਫੁੱਟ ਖਾਈ 'ਚ ਜਾ ਡਿੱਗੀ। ਖਾਈ ਵਿੱਚ ਡਿੱਗਣ ਤੋਂ ਕੁਝ ਸੈਕਿੰਡ ਪਹਿਲਾਂ ਦਾ ਇੱਕ ਵੀਡੀਓ ਵੀ ਸਾਹਮਣੇ ਆਇਆ ਹੈ। ਇਸ ਨਾਲ ਮਹਾਰਾਸਟਰ 'ਚ 23 ਸਾਲਾ ਕੁੜੀ ਨੇ ਰੀਲਾਂ ਬਣਾਉਣ ਦੇ ਚੱਕਰ ਵਿਚ ਆਪਣੀ ਜਾਨ ਗੁਆ ਦਿੱਤੀ। ਇਹ ਭਿਆਨਕ ਹਾਦਸਾ ਜਿ?ਲ੍ਹੇ ਦੇ ਦੌਲਤਾਬਾਦ ਇਲਾਕੇ 'ਚ ਸੁਲੀਭੰਜਨ ਸਥਿਤ ਦੱਤ ਮੰਦਰ ਨੇੜੇ ਵਾਪਰਿਆ। ਘਟਨਾ ਦਾ ਪਤਾ ਲੱਗਣ 'ਤੇ ਬਚਾਅ ਕਰਮਚਾਰੀਆਂ ਨੂੰ ਹਾਦਸੇ ਵਾਲੀ ਥਾਂ 'ਤੇ ਪਹੁੰਚਣ 'ਚ ਇਕ ਘੰਟੇ ਤੋਂ ਵੱਧ ਦਾ ਸਮਾਂ ਲੱਗਾ। ਕੁੜੀ ਨੂੰ ਤੁਰੰਤ ਨਜਦੀਕੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਨੇ ਇਸ ਮਾਮਲੇ ਦੀ ਜਾਂਚ ਕਰਦੇ ਹੋਏ ਅਗਲੇਰੀ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ।

LIC ਆਪਣੀਆਂ ਜਾਇਦਾਦਾਂ, ਜਮੀਨ ਤੇ ਇਮਾਰਤਾਂ ਵੇਚ ਇਕੱਠਾ ਕਰੇਗੀ 7 ਅਰਬ ਡਾਲਰ

ਸਰਦੂਲ ਸਿੰਘ

ਮੁੰਬਈ 19 ਜੂਨ। ਦੇਸ ਦੇ ਪ੍ਰਮੁੱਖ ਮਹਾਨਗਰਾਂ ਵਿੱਚ ਸਥਿਤ ਕੁਝ ਸਭ ਤੋਂ ਮਹਿੰਗੀਆਂ ਰੀਅਲ ਅਸਟੇਟ ਜਲਦੀ ਵੇਚੀਆਂ ਜਾ ਸਕਦੀਆਂ ਹਨ। ਲਾਈਫ ਇੰਸੋਰੈਂਸ ਕਾਰਪੋਰੇਸਨ ਆਫ ਇੰਡੀਆ () ਆਪਣੇ ਪਲਾਟਾਂ ਅਤੇ ਵਪਾਰਕ ਇਮਾਰਤਾਂ ਦੀ ਵਿਕਰੀ ਤੋਂ 6-7 ਅਰਬ ਡਾਲਰ ਜੁਟਾਉਣ ਦੀ ਯੋਜਨਾ ਬਣਾ ਰਿਹਾ ਹੈ। ਇਸ ਮਾਮਲੇ ਦੇ ਜਾਣਕਾਰ ਦੋ ਲੋਕਾਂ ਨੇ ਦੱਸਿਆ ਕਿ ਭਾਰਤ ਦੇ ਤੀਜੇ ਸਭ ਤੋਂ ਵੱਡੇ ਮਕਾਨ ਮਾਲਕ ਐੱਲਆਈਸੀ ਨੇ ਦੇਸ ਭਰ ਵਿੱਚ ਆਪਣੀ ਰੀਅਲ ਅਸਟੇਟ ਸੰਪਤੀਆਂ ਲਈ ਇੱਕ ਵਿਕਰੀ ਯੋਜਨਾ ਤਿਆਰ ਕਰਨ ਲਈ ਇੱਕ ਅੰਦਰੂਨੀ ਟੀਮ ਨੂੰ ਕੰਮ ਸੌਂਪਿਆ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਪ੍ਰਕਿਰਿਆ ਮੁੰਬਈ ਤੋਂ ਸ਼ੁਰੂ ਹੋ ਸਕਦੀ ਹੈ। ਦੋ ਵਿਅਕਤੀਆਂ ਵਿੱਚੋਂ ਇੱਕ ਨੇ ਕਿਹਾ ਕਿ ਅਸੀਂ ਇਸ ਯੋਜਨਾ 'ਤੇ ਕੰਮ ਕਰ ਰਹੇ ਹਾਂ। ਅਸੀਂ ਕਈ ਵਿਕਲਪਾਂ 'ਤੇ ਅੰਦਰੂਨੀ ਤੌਰ 'ਤੇ ਚਰਚਾ ਕਰ ਰਹੇ ਹਾਂ। ਮੁਲਾਂਕਣ ਅਭਿਆਸ ਮਹੱਤਵਪੂਰਨ ਹੋਵੇਗਾ। ਰੀਅਲ ਅਸਟੇਟ ਸੰਪਤੀਆਂ ਦਾ ਮੁਦਰੀਕਰਨ ਕਰਨ ਦਾ ਸਭ ਤੋਂ ਵਧੀਆ ਤਰੀਕਾ ਅਜੇ ਤੱਕ ਰਸਮੀ ਤੌਰ 'ਤੇ ਤੈਅ ਨਹੀਂ ਕੀਤਾ ਗਿਆ। ਦੀਆਂ ਕੁਝ ਪ੍ਰੀਮੀਅਮ ਰੀਅਲ ਅਸਟੇਟ ਜਾਇਦਾਦਾਂ ਵਿੱਚ ਦਿੱਲੀ ਦੇ ਕਨਾਟ ਪਲੇਸ ਵਿੱਚ ਜੀਵਨ ਭਾਰਤੀ ਬਿਲਡਿੰਗ, ਕੋਲਕਾਤਾ ਵਿੱਚ ਚਿਤਰੰਜਨ ਐਵੇਨਿਊ ਵਿੱਚ ਐੱਲਆਈਸੀ ਬਿਲਡਿੰਗ ਅਤੇ ਮੁੰਬਈ ਵਿੱਚ ਏਸੀਆਟਿਕ ਸੁਸਾਇਟੀ ਅਤੇ ਅਕਬਰਲੀ ਦੀਆਂ ਇਮਾਰਤਾਂ ਸਾਮਲ ਹਨ। ਦੋਵਾਂ ਲੋਕਾਂ ਨੇ ਕਿਹਾ ਕਿ ਉਨ੍ਹਾਂ ਦੇ ਆਖਰੀ ਮੁੱਲਾਂਕਣ ਦੇ ਸਮੇਂ ਐਲਆਈਸੀ ਦੀ ਰੀਅਲ ਅਸਟੇਟ ਜਾਇਦਾਦ ਦੀ ਕੀਮਤ 50,000-60,000 ਕਰੋੜ ਰੁਪਏ

ਸੀ। ਭਾਰਤ ਦੀ ਸਭ ਤੋਂ ਵੱਡੀ ਬੀਮਾ ਕੰਪਨੀ ਅਤੇ ਸ਼ੇਅਰ ਬਾਜਾਰ ਵਿੱਚ ਸਭ ਤੋਂ ਵੱਡੀ ਨਿਵੇਸਕ ਕੋਲ 51 ਟ੍ਰਿਲੀਅਨ ਰੁਪਏ ਤੋਂ ਵੱਧ ਦੀ ਜਾਇਦਾਦ ਹੈ। ਦੂਜੇ ਵਿਅਕਤੀ ਨੇ ਕਿਹਾ, "ਰਸਮੀ ਸੰਪੱਤੀ ਦੀ ਵਿਕਰੀ ਪ੍ਰਕਿਰਿਆ ਲਈ ਦੀ ਮਲਕੀਅਤ ਵਾਲੀਆਂ ਇਮਾਰਤਾਂ ਲਈ ਨਵੇਂ ਮੁਲਾਂਕਣ ਦਾ ਕੰਮ ਕੀਤਾ ਜਾ ਸਕਦਾ ਹੈ। ਵਿਅਕਤੀ ਨੇ ਕਿਹਾ ਕਿ ਕਈ ਐੱਲਆਈਸੀ ਇਮਾਰਤਾਂ ਵਿੱਚ ਕਦੇ ਵੀ ਕੋਈ ਵਿਕਰੀ ਲੈਣ-ਦੇਣ ਨਹੀਂ ਹੋਇਆ ਅਤੇ ਉਨ੍ਹਾਂ ਦਾ ਬਾਜਾਰ ਮੁੱਲ ਪਤਾ ਨਹੀਂ ਹੈ। ਉਹਨਾਂ ਨੇ ਕਿਹਾ ਕਿ ਅਸਲ ਮੁੱਲ "ਕੰਜਰਵੇਟਿਵ ਮੁੱਲ ਤੋਂ ਘੱਟੋ ਘੱਟ ਪੰਜ ਗੁਣਾ ਵੱਧ" ਹੋ ਸਕਦਾ ਹੈ, ਜੋ ਲਗਭਗ 2.5-3 ਟ੍ਰਿਲੀਅਨ ਹੈ। , ਡਿਪਾਰਟਮੈਂਟ ਆਫ ਇਨਵੈਸਟਮੈਂਟ ਐਂਡ ਪਬਲਿਕ ਐਸੇਟ ਮੈਨੇਜਮੈਂਟ () ਅਤੇ ਵਿੱਤੀ ਸੇਵਾਵਾਂ ਵਿਭਾਗ ਨੂੰ ਭੇਜੀਆਂ ਗਈਆਂ ਈਮੇਲਾਂ ਦਾ ਜਵਾਬ ਨਹੀਂ ਦਿੱਤਾ ਗਿਆ। ਸਾਰੀਆਂ ਸਰਕਾਰੀ ਮਲਕੀਅਤ ਵਾਲੀਆਂ ਫਰਮਾਂ ਦੀ ਸੰਪੱਤੀ ਵਿਨਿਵੇਸ ਪ੍ਰਕਿਰਿਆਵਾਂ ਲਈ ਦੀ ਮਨਜੂਰੀ ਲਾਜਮੀ ਹੈ। ਨੇ 2024 ਵਿੱਚ 40,676 ਕਰੋੜ ਰੁਪਏ ਦਾ ਸੁੱਧ ਲਾਭ ਕਮਾਇਆ, ਜਦਕਿ 2023 ਵਿੱਚ ਇਹ 36,397 ਕਰੋੜ ਰੁਪਏ ਸੀ, ਕਿਉਂਕਿ ਨਵੀਨੀਕਰਨ ਪ੍ਰੀਮੀਅਮ ਵਿੱਚ ਸੁਧਾਰ ਹੋਇਆ, ਨਿਵੇਸਾਂ ਨੇ ਬਿਹਤਰ ਰਿਟਰਨ ਕਮਾਇਆ ਅਤੇ ਨਵੇਂ ਕਾਰੋਬਾਰ () ਦਾ ਮੁੱਲ ਥੋੜ੍ਹਾ ਵਧਿਆ। ਵਿੱਤੀ ਸਾਲ 2024 ਲਈ ਆਪਣੇ ਸੇਅਰਧਾਰਕਾਂ ਨੂੰ 6 ਰੁਪਏ ਦਾ ਲਾਭਅੰਸ ਅਦਾ ਕਰੇਗੀ। ਜੇਕਰ ਸੰਪੱਤੀ ਦੀ ਵਿਕਰੀ ਯੋਜਨਾ ਸਫਲ ਹੁੰਦੀ ਹੈ, ਤਾਂ ਇਹ ਦੇ ਮੁਨਾਫੇ ਨੂੰ ਵਧਾ ਸਕਦੀ ਹੈ ਅਤੇ ਸੰਭਾਵੀ ਤੌਰ 'ਤੇ ਬਿਹਤਰ ਲਾਭਅੰਸ ਦੀ ਅਗਵਾਈ ਕਰ ਸਕਦੀ ਹੈ। ਦੂਜੇ ਵਿਅਕਤੀ ਦੇ ਅਨੁਸਾਰ, ਨਵਾਂ ਮਾਲਕ ਵੱਖ-ਵੱਖ ਤਰੀਕਿਆਂ ਨਾਲ ਇਮਾਰਤਾਂ ਦਾ ਮੁੜ ਵਿਕਾਸ, ਮੁੜ ਡਿਜਾਈਨ ਜਾਂ ਵਰਤੋਂ ਕਰ ਸਕਦਾ ਹੈ।

ਪੰਜਾਬ ਪੁਲਸ ਦੇ ਸਬ ਇੰਸਪੈਕਟਰ ਦੀ ਡਿਊਟੀ ਦੌਰਾਨ ਮੌਤ, ਡੂੰਘੇ ਸਦਮੇ 'ਚ ਪਰਿਵਾਰ

ਅੰਮ੍ਰਿਤਸਰ 19 ਜੂਨ। ਅੰਮ੍ਰਿਤਸਰ 'ਚ ਆਨ ਡਿਊਟੀ ਸਬ ਇੰਸਪੈਕਟਰ ਮਨਮੋਹਨ ਸਿੰਘ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਦੌਰਾਨ ਇੰਸਪੈਕਟਰ ਦਾ ਪੂਰਾ ਪਰਿਵਾਰ ਸਦਮੇ 'ਚ ਹੈ। ਜਾਣਕਾਰੀ ਮੁਤਾਬਕ ਸਰਕਾਰੀ ਸਨਮਾਨ ਨਾਲ ਉਨ੍ਹਾਂ ਦਾ ਸੰਸਕਾਰ ਅੰਮ੍ਰਿਤਸਰ ਦੇ ਚਾਟੀਵਿੰਡ ਗੇਟ ਸ਼ਿਵਪੁਰੀ ਵਿਚ ਕੀਤਾ ਗਿਆ, ਜਿਥੇ ਮੌਕੇ 'ਤੇ ਅੰਮ੍ਰਿਤਸਰ ਪੁਲਸ ਕਮਿਸਨਰ ਦੇ ਨਾਲ-ਨਾਲ ਪੁਲਸ ਦੇ ਹੋਰ ਆਲਾ ਅਧਿਕਾਰੀ ਵੀ ਮੌਜੂਦ ਸਨ। ਮਰਹੂਮ ਸਬ ਇੰਸਪੈਕਟਰ ਆਪਣੇ ਪਿਛੇ ਦੋ ਧੀਆਂ ਅਤੇ ਇਕ ਪੁੱਤਰ ਛੱਡ ਗਿਆ ਹੈ। ਫਿਲਹਾਲ ਪਰਿਵਾਰ ਲਈ ਕਾਫੀ ਔਖੀ ਘੜੀ ਹੈ ਜਿਸ ਵਿਚ ਪੁਲਸ ਪ੍ਰਸ਼ਾਸ਼ਨ ਵਲੋਂ ਹਰ ਸੰਭਵ ਮਦਦ ਦਾ ਆਸ਼ਵਾਸਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਗੱਲਬਾਤ ਕਰਦਿਆਂ ਮ੍ਰਿਤਕ ਸਬ ਇੰਸਪੈਕਟਰ ਮਨਮੋਹਨ ਸਿੰਘ ਦੇ ਇਕਲੌਤੇ ਪੁੱਤਰ ਰਣਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਐੱਸ. ਐੱਸ. ਪੀ. ਆਰ. ਐੱਨ ਢੋਕੇ ਨਾਲ ਕਾਫੀ ਲੰਮੇ ਸਮੇਂ ਤੋਂ ਡਿਊਟੀ ਨਿਭਾ ਰਹੇ ਸਨ ਅਤੇ ਬੀਤੇ ਦੋ ਦਿਨ ਪਹਿਲਾਂ ਆਨ ਡਿਊਟੀ 'ਚ ਉਨ੍ਹਾਂ ਮੌਤ ਹੋਣ ਕਾਰਨ ਪਰਿਵਾਰ ਸਦਮੇ ਵਿਚ ਹੈ।

ਹਿਮਾਚਲ ਹਾਈਕੋਰਟ 'ਚ ਪੈ ਗਈਆਂ ਭਾਜੜਾਂ, ਬਾਹਰ ਦੌੜੇ ਸਟਾਫ ਤੇ ਵਕੀਲ

ਹਿਮਾਚਲ ਡੈਸਕ 19 ਜੂਨ। ਹਿਮਾਚਲ ਹਾਈਕੋਰਟ ਵਿਚ ਅੱਜ ਉਸ ਸਮੇਂ ਹਫੜਾ-ਦਫੜੀ ਮੱਚ ਗਈ, ਜਦੋਂ ਪੁਲਸ ਕਾਰਵਾਈ ਦੌਰਾਨ ਹਾਈਕੋਰਟ ਦਾ ਸਾਰਾ ਸਟਾਫ ਅਤੇ ਵਕੀਲ ਆਪਣੇ ਚੈਂਬਰਾਂ ਨਾਲ ਅਚਾਨਕ ਬਾਹਰ ਆ ਗਏ। ਹਾਈਕੋਰਟ ਦੇ ਬਾਹਰ ਅਜਿਹਾ ਦ੍ਰਿਸ਼ ਵੇਖ ਕੇ ਲੋਕ ਹੈਰਾਨ ਹੋ ਗਈ, ਜੋ ਇਸ ਨੂੰ ਧਮਕੀ ਨਾਲ ਜੋੜ ਰਹੇ ਸਨ ਅਤੇ ਕਈ ਇਸ ਨੂੰ ਬਾਰਿਸ਼ ਤੋਂ ਪਹਿਲਾਂ ਹੋਣ ਵਾਲੀ ਮੌਕ ਡਰਿੱਲ ਕਹਿ ਰਹੇ ਹਨ। ਦੂਜੇ ਪਾਸੇ ਕੋਰਟ ਨਾਲ ਸਬੰਧਿਤ ਮਾਮਲਾ ਹੋਣ ਕਾਰਨ ਪੁਲਸ ਜਾਂ ਸਰਕਾਰ ਦਾ ਕੋਈ ਵੀ ਅਧਿਕਾਰੀਇਸ ਦੀ ਅਧਿਕਾਰਤ ਪੁਸਟੀ ਨਹੀਂ

ਕਰ ਰਿਹਾ। ਸੂਤਰਾਂ ਅਨੁਸਾਰ ਹਾਈਕੋਰਟ ਵਿਚ ਮੌਜੂਦ ਪੁਲਸ ਦੇ ਨਾਲ ਸੁੰਘਣ ਵਾਲੇ ਕੁੱਤੇ ਵੀ ਸਨ, ਜਿਸ ਦੌਰਾਨ ਕਿਸੇ ਵੀ ਸ਼ਖਸ ਨੂੰ ਅਦਾਲਤ ਦੇ ਅੰਦਰ ਜਾਣ ਦੀ ਇਜਾਜਤ ਨਹੀਂ ਸੀ। ਇਸ ਘਟਨਾ ਦਾ ਪਤਾ ਲੱਗਣ 'ਤੇ ਆਲੇ-ਦੁਆਲੇ ਹਫੜਾ-ਦਫੜੀ ਦਾ ਮਾਹੌਲ ਬਣ ਗਿਆ ਹੈ। ਪੁਲਸ ਅਤੇ ਸਾਰੀਆਂ ਸੁਰੱਖਿਆ ਏਜੰਸੀਆਂ ਅਲਰਟ ਮੋਡ 'ਤੇ ਆ ਗਈਆਂ ਹਨ। ਹਿਮਾਚਲ ਹਾਈਕੋਰਟ ਦੇ ਅੰਦਰ ਕੀ ਹੋ ਰਿਹਾ ਸੀ, ਦੇ ਬਾਰੇ ਅਜੇ ਤੱਕ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਅਤੇ ਨਾ ਹੀ ਕੋਈ ਇਸ ਬਾਰੇ ਕੁਝ ਕਹਿ ਰਿਹਾ ਹੈ। ਦੂਜੇ ਪਾਸੇ ਇਸ ਮਾਮਲੇ ਦੇ ਸਬੰਧ ਵਿਚ ਡੀਸੀ ਸਿ?ਮਲਾ ਅਨੁਪਮ ਕਸਯਪ ਨਾਲ ਜਦੋਂ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਜਿ?ਲ੍ਹਾ ਪ੍ਰਸਾਸਨ ਵੱਲੋਂ ਕੋਈ ਮੌਕ ਡਰਿੱਲ ਕਰਵਾਉਣ ਦੀ ਯੋਜਨਾ ਨਹੀਂ ਹੈ। ਦੂਜੇ ਪਾਸੇ ਸਟੇਟ ਡਿਜਾਸਟਰ ਮੈਨੇਜਮੈਂਟ ਅਥਾਰਟੀ ਦੇ ਡਾਇਰੈਕਟਰ ਡੀਸੀ ਰਾਣਾ ਨੇ ਵੀ ਮੌਕ ਡਰਿੱਲ ਤੋਂ ਇਨਕਾਰ ਕੀਤਾ ਹੈ। ਦੱਸ ਦੇਈਏ ਹਫੜਾ-ਦਫੜੀ ਦਾ ਮਾਹੌਲ ਬਣ ਗਿਆ ਹੈ। ਪੁਲਸ ਅਤੇ ਸਾਰੀਆਂ ਸੁਰੱਖਿਆ ਏਜੰਸੀਆਂ ਅਲਰਟ ਮੋਡ 'ਤੇ ਆ ਗਈਆਂ ਹਨ। ਹਿਮਾਚਲ ਹਾਈਕੋਰਟ ਦੇ ਅੰਦਰ ਕੀ ਹੋ ਰਿਹਾ ਸੀ, ਦੇ ਬਾਰੇ ਅਜੇ ਤੱਕ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਅਤੇ ਨਾ ਹੀ ਕੋਈ ਇਸ ਬਾਰੇ ਕੁਝ ਕਹਿ ਰਿਹਾ ਹੈ। ਦੂਜੇ ਪਾਸੇ ਇਸ ਮਾਮਲੇ ਦੇ ਸਬੰਧ ਵਿਚ ਡੀਸੀ ਸਿ?ਮਲੇ ਕਿ ਜੰਮੂ-ਕਸਮੀਰ 'ਚ ਬੀਤੇ ਦਿਨੀਂ ਤਿੰਨ ਅੱਤਵਾਦੀ ਘਟਨਾਵਾਂ ਵਾਪਰ ਚੁੱਕੀਆਂ ਹਨ, ਜਿਸ ਨੂੰ ਲੈ ਕੇ ਪੁਲਸ ਵਲੋਂ ਕਾਰਵਾਈ ਕੀਤੇ ਜਾਣ ਦੀ ਉਮੀਦ ਹੈ ਤਾਂਕਿ ਕੋਈ ਹੋਰ ਅਣਸੁਖਾਈ ਘਟਨਾ ਨਾ ਵਾਪਰ ਸਕੇ।

ਇਸ ਸੂਬੇ ਦੇ 1.91 ਲੱਖ ਕਿਸਾਨਾਂ ਲਈ ਵੱਡੀ ਖਬਰ, ਸਰਕਾਰ ਮੁਆਫ ਕਰ ਰਹੀ 2 ਲੱਖ ਰੁਪਏ ਤੱਕ ਦਾ ਕਰਜਾ

ਕਿਸ਼ਨ ਪਾਲ

ਨੈਸ਼ਨਲ ਡੈਸਕ 19 ਜੂਨ। ਝਾਰਖੰਡ ਦੇ ਮੁੱਖ ਮੰਤਰੀ ਚੰਪਈ ਸੋਰੇਨ ਨੇ ਐਤਵਾਰ ਨੂੰ ਕਿਸਾਨਾਂ ਨੂੰ ਵੱਡੀ ਰਾਹਤ ਦਿੱਤੀ ਹੈ। ਉਹਨਾਂ ਨੇ ਕਿਹਾ ਕਿ ਉਨ੍ਹਾਂ ਦੀ ਗੱਠਜੋੜ ਸਰਕਾਰ 2 ਲੱਖ ਰੁਪਏ ਤੱਕ ਦੇ ਕਿਸਾਨਾਂ ਦੇ ਕਰਜੇ ਮੁਆਫ ਕਰਨ ਅਤੇ ਮੁਫਤ ਬਿਜਲੀ ਦਾ ਕੋਟਾ ਵਧਾ ਕੇ 200 ਯੂਨਿਟ ਕਰਨ 'ਤੇ ਵਿਚਾਰ ਕਰ ਰਹੀ ਹੈ। ਵਿਕਾਸ ਪ੍ਰਾਜੈਕਟਾਂ ਦੇ ਉਦਘਾਟਨ ਅਤੇ ਨੀਂਹ ਪੱਥਰ ਰੱਖਣ ਲਈ ਜਮਸੇਦਪੁਰ ਦੇ ਗਾਂਧੀ ਮੈਦਾਨ ਵਿੱਚ ਆਯੋਜਿਤ ਇੱਕ ਮੀਟਿੰਗ ਨੂੰ ਸੰਬੋਧਨ ਕਰਦੇ ਸੋਰੇਨ ਨੇ ਕਿਹਾ, "ਅਸੀਂ ਪਹਿਲਾਂ ਵੀ ਕਿਸਾਨਾਂ ਦਾ 40,000 ਰੁਪਏ ਦਾ ਕਰਜਾ ਮੁਆਫ ਕੀਤਾ ਹੈ ਅਤੇ ਹੁਣ ਇਸਨੂੰ ਵਧਾ ਕੇ 2 ਲੱਖ ਰੁਪਏ ਕਰਨ ਦੀ ਯੋਜਨਾ ਹੈ। ਇਸੇ ਤਰ੍ਹਾਂ ਮੁਫਤ ਬਿਜਲੀ ਦੇ 125 ਯੂਨਿਟਾਂ ਦੇ ਮੌਜੂਦਾ ਆਧਾਰ ਨੂੰ ਵਧਾ ਕੇ 200 ਯੂਨਿਟ ਕੀਤਾ ਜਾਵੇਗਾ।" ਦੂਜੇ ਪਾਸੇ ਇਸ ਮਾਮਲੇ ਦੇ ਸਬੰਧ ਵਿਚ ਹੋਰ ਜਾਣਕਾਰੀ ਦਿੰਦੇ ਹੋਏ ਝਾਰਖੰਡ ਦੇ ਖੇਤੀਬਾੜੀ ਮੰਤਰੀ ਬਾਦਲ ਪੱਤਰਲੇਖ ਨੇ ਕਿਹਾ ਕਿ ਸੂਬਾ ਸਰਕਾਰ ਨੇ 1.91 ਲੱਖ ਤੋਂ ਵੱਧ ਕਿਸਾਨਾਂ ਨੂੰ ਰਾਹਤ ਦੇਣ ਲਈ 2 ਲੱਖ ਰੁਪਏ ਤੱਕ ਦੇ ਖੇਤੀ ਕਰਜੇ ਮੁਆਫ ਕਰਨ ਦਾ ਫੈਸਲਾ

ਕੀਤਾ ਹੈ। ਰਾਂਚੀ ਵਿੱਚ ਰਾਜ ਪੱਧਰੀ ਬੈਂਕਰਜ ਕਮੇਟੀ (ਐੱਸਐੱਲਬੀਸੀ) ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮੰਤਰੀ ਨੇ ਬੈਂਕਾਂ ਨੂੰ ਇਸ ਸਬੰਧ ਵਿੱਚ ਪ੍ਰਸਤਾਵ ਪੇਸ ਕਰਨ ਲਈ ਕਿਹਾ। ਉਨ੍ਹਾਂ ਨੇ ਕਿਹਾ, "ਕਿਸਾਨਾਂ ਦੁਆਰਾ 31 ਮਾਰਚ, 2020 ਤੱਕ ਲਏ ਗਏ 50,000 ਰੁਪਏ ਤੋਂ ਲੈ ਕੇ 2 ਲੱਖ ਰੁਪਏ ਤੱਕ ਦੇ ਕਰਜੇ ਨੂੰ ਇੱਕ ਵਾਰ ਦੇ ਹੱਲ ਵਜੋਂ ਮੁਆਫ ਕੀਤਾ ਜਾਵੇਗਾ।" 2021-22 ਦੌਰਾਨ ਸੂਬਾ ਸਰਕਾਰ ਨੇ 50,000 ਰੁਪਏ ਤੱਕ ਦੇ ਫਸਲੀ ਕਰਜੇ ਮੁਆਫ ਕਰਨ ਦਾ ਐਲਾਨ ਕੀਤਾ ਸੀ। ਪੱਤਰਲੇਖ ਨੇ ਕਿਹਾ, "ਆਪਣੇ ਵਾਅਦੇ ਅਨੁਸਾਰ ਰਾਜ ਸਰਕਾਰ ਨੇ 4.73 ਲੱਖ ਤੋਂ ਵੱਧ ਕਿਸਾਨਾਂ ਦਾ 50,000 ਰੁਪਏ ਤੱਕ ਦਾ ਕਰਜਾ ਮੁਆਫ ਕੀਤਾ ਹੈ। ਝਾਰਖੰਡ ਸਰਕਾਰ ਨੇ ਬੈਂਕਾਂ ਨੂੰ 1900 ਕਰੋੜ ਰੁਪਏ ਦਿੱਤੇ ਹਨ।" ਮੁੱਖ ਮੰਤਰੀ ਚੰਪਈ ਸੋਰੇਨ ਨੇ ਟਿਕਾਊ ਰੋਜੀ-ਰੋਟੀ ਲਈ ਕਾਰੋਬਾਰ ਸੁਰੂ ਕਰਨ ਲਈ ਬੇਰੁਜਗਾਰ ਨੌਜਵਾਨਾਂ ਨੂੰ 40 ਫੀਸਦੀ ਸਬਸਿਡੀ ਦੇ ਨਾਲ 25 ਲੱਖ ਰੁਪਏ ਦਾ ਕਰਜਾ ਦੇਣ ਦੀ ਸਰਕਾਰ ਦੀ ਵਚਨਬੱਧਤਾ 'ਤੇ ਜੋਰ ਦਿੱਤਾ। ਉਨ੍ਹਾਂ ਭਰੋਸਾ ਦਿੱਤਾ ਕਿ 40,000 ਸਹਾਇਕ ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਚੱਲ ਰਹੀ ਹੈ, ਜੋ ਸਤੰਬਰ ਤੱਕ ਮੁਕੰਮਲ ਕਰ ਲਈ ਜਾਵੇਗੀ ਅਤੇ ਕਬਾਇਲੀ ਅਤੇ ਖੇਤਰੀ ਭਾਸਾ ਦੇ ਅਧਿਆਪਕਾਂ ਦੀ ਭਰਤੀ ਅਗਲੇ ਮਹੀਨੇ ਸੁਰੂ ਹੋ ਜਾਵੇਗੀ।

ਔਰਤ ਨੇ ਸਹੁਰਾ ਪਰਿਵਾਰ 'ਤੇ ਲਾਏ ਕੁੱਟਮਾਰ ਦੇ ਦੋਸ਼, ਸਿਵਲ ਹਸਪਤਾਲ 'ਚ ਦਾਖਲ

ਜੀਰਾ 19 ਜੂਨ। ਜੀਰਾ ਦੇ ਪਿੰਡ ਮਹੀਆਂ ਵਾਲਾ ਕਲਾ ਦੀ ਵਸਨੀਕ ਇੱਕ ਔਰਤ ਵੱਲੋਂ ਆਪਣੇ ਪਤੀ ਅਤੇ ਸਹੁਰੇ ਪਰਿਵਾਰ 'ਤੇ ਕੁੱਟਮਾਰ ਦੇ ਦੋਸ਼ ਲਗਾਏ ਗਏ ਹਨ। ਇਸ ਦੇ ਮੱਦੇਨਜਰ ਪੁਲਸ ਵੱਲੋਂ ਮਾਮਲੇ ਦੀ ਜਾਂ